# ਕੈਨੇਡਾ ਦੀ ਸੈਰ










## ਬਾਲ ਕਹਾਣੀ ਸੰਗ੍ਰਹਿ

ਅਮਨਦੀਪ ਸਿੰਘ

www.PunjabiLibrary.com

# ਕੈਨੇਡਾ ਦੀ ਸੈਰ

## ਬਾਲ ਕਹਾਣੀ ਸੰਗ੍ਰਹਿ

ਅਮਨਦੀਪ ਸਿੰਘ

ਅਮਨ ਪ੍ਰਕਾਸ਼ਨ

www.PunjabiLibrary.com

ਕੈਨੇਡਾ ਦੀ ਸੈਰ

# ਕੈਨੇਡਾ ਦੀ ਸੈਰ

ਬਾਲ ਕਹਾਣੀ ਸੰਗ੍ਰਹਿ

ਅਮਨਦੀਪ ਸਿੰਘ (ਨੌਰਾ)

**Canada di Sair**

Short Stories for Children

By Amandeep Singh (Naura)

ਪਹਿਲੀ ਵਾਰ: 2025

© Amandeep Singh (2025)

**ਪ੍ਰਕਾਸ਼ਕ:**

**ਅਮਨ ਪ੍ਰਕਾਸ਼ਨ**

ਬੋਸਟਨ (ਅਮਰੀਕਾ) | ਨੌਰਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ, ਭਾਰਤ)

**Publisher:**

**Aman Publications**

Boston (U.S.A.) | Naura (Distt. Shaheed Bhagat Singh Nagar, Punjab, India)

**✆+1−508-243-8846** ✉ amanysingh@gmail.com

**Website**: https://www.punjabikids.org/home/canada-di-sair

ਪ੍ਰਿੰਟ ਕਾਪੀ ਤੁਸੀਂ ਵੈਬਸਾਈਟ 'ਤੇ ਆਰਡਰ ਕਰ ਸਕਦੇ ਹੋ।

**Image Credits:** bing.com/images/create, pixabay.com, gemini.google.com, canva.com/ and nasa.gov



www.PunjabiLibrary.com

# ਸਮਰਪਣ

**ਪੰਜਾਬੀ ਬੱਚਿਆਂ ਦੇ ਨਾਂ**

# ਤਤਕਰਾ

ਦੋ ਸ਼ਬਦ ........ 4
ਕੈਨੇਡਾ ਦੀ ਸੈਰ ........ 5
ਗ਼ਰਦਿਸ਼ ........ 32
ਪੱਤ ਝੜੇ ਪੁਰਾਣੇ ........ 35
ਬਦਲਦੇ ਮੌਸਮ ........ 41
ਗੋਲਡੀਲੌਕਸ ਤੇ ਤਿੰਨ ਰਿੱਛ ........ 45
ਤਾਜ਼ੀ ਡਬਲ-ਰੋਟੀ ........ 49



www.PunjabiLibrary.com

# ਦੋ ਸ਼ਬਦ

ਜੀਵਨ ਦੇ ਅਨੁਭਵਾਂ ਤੋਂ ਪ੍ਰੇਰਣਾ ਲੈਂਦਿਆਂ ਹੋਇਆਂ, ਇਨ੍ਹਾਂ ਕਹਾਣੀਆਂ ਦੀ ਰਚਨਾ ਹੋਈ। ਇਹ ਕਹਾਣੀਆਂ ਬਾਲ ਮਨ ਦੀ ਕਲਪਨਾ ਨੂੰ ਸੱਚਮੁੱਚ ਕੁਝ ਖ਼ਾਸ ਥਾਵਾਂ 'ਤੇ ਲੈ ਜਾਣਗੀਆਂ - ਉਨ੍ਹਾਂ ਨੂੰ ਦਿਲਚਸਪ, ਮਨੋਰੰਜਕ ਤੇ ਦਿਲ ਟੁੰਬਵੇਂ ਖ਼ਿਆਲਾਂ ਤੋਂ ਜਾਣੂ ਕਰਵਾਉਂਦੇ ਹੋਏ ਤੇ ਉਨ੍ਹਾਂ ਦੀਆਂ ਸੋਚਾਂ ਨੂੰ ਹੁਲਾਰਾ ਦਿੰਦੇ ਹੋਏ। ਇਹ ਕਹਾਣੀਆਂ ਵੱਖ-ਵੱਖ ਸਮੇਂ ਪੰਜਾਬੀ ਟ੍ਰਿਬਿਊਨ, ਨਿੱਕੀਆਂ ਕਰੂੰਬਲਾਂ, ਉਡਾਣ ਪੰਜਾਬੀ ਵਿਗਿਆਨ ਗਲਪ ਮੈਗ਼ਜ਼ੀਨ ਤੇ ਹੋਰ ਰਸਾਲਿਆਂ ਵਿੱਚ ਛਪ ਚੁੱਕੀਆਂ ਹਨ। ਹੁਣ ਇਨ੍ਹਾਂ ਕਹਾਣੀਆਂ ਨੂੰ ਕਿਤਾਬੀ ਰੂਪ ਵਿੱਚ ਪੇਸ਼ ਕਰਦਿਆਂ ਮੈਨੂੰ ਅਤਿਅੰਤ ਖ਼ੁਸ਼ੀ ਹੋ ਰਹੀ ਹੈ!

ਕਲਪਨਾ ਕਰੋ ਕਿ ਤੁਸੀਂ ਮਿੰਟੂ 'ਤੇ ਉਸ ਦੇ ਪਰਿਵਾਰ ਨਾਲ਼ ਵਿਸ਼ਾਲ ਅਤੇ ਸੁੰਦਰ ਦੇਸ਼ ਕੈਨੇਡਾ ਦੇ ਓਨਟੈਰੀਓ ਰਾਜ ਦੀ ਸੈਰ ਕਰ ਰਹੇ ਹੋ, ਜਿੱਥੇ ਹਰ ਕੋਨੇ ਵਿੱਚ ਕੁਝ ਨਵਾਂ ਤੇ ਹੈਰਾਨੀ ਭਰਿਆ ਹੈ - ਮਹਾਨ ਤੇ ਸ਼ਾਨਦਾਰ ਨਿਆਗਰਾ ਝਰਨਿਆਂ ਤੋਂ ਲੈ ਕੇ ਅਫ਼ਰੀਕਨ ਲਾਇਨ ਸਫ਼ਾਰੀ ਤੇ ਸਾਰੇ ਜਹਾਨ ਤੋਂ ਉੱਚਾ ਸੀ. ਐੱਨ. ਟਾਵਰ। ਤੁਸੀਂ ਇਹ ਤਾਂ ਜਾਣਦੇ ਹੀ ਹੋ ਕਿ ਸੌਰਮੰਡਲ ਦੇ ਸਾਰੇ ਗ੍ਰਹਿ ਸੂਰਜ ਦੇ ਦੁਆਲ਼ੇ ਪਰਿਕਰਮਾ ਕਿਉਂ ਕਰਦੇ ਹਨ, ਪਰ "ਗ਼ਰਦਿਸ਼" ਕਹਾਣੀ ਵਿੱਚ ਉਸ ਦੇ ਬਾਰੇ ਨਵੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਕੀ ਤੁਸੀਂ ਕਦੇ ਸੋਚਿਆ ਹੈ ਕਿ ਪਤਝੜ ਵਿੱਚ ਪੱਤੇ ਇੰਨੇ ਚਮਕਦਾਰ ਰੰਗ ਕਿਉਂ ਬਦਲਦੇ ਹਨ? ਆਨਿਆ ਨਾਲ਼ ਇਸਦੇ ਪਿੱਛੇ ਦੇ ਰਾਜ਼ ਨੂੰ ਵੀ ਜਾਣੋ। "ਬਦਲਦੇ ਮੌਸਮ" ਵਿੱਚ ਧਰਤੀ ਦੇ ਨਿਰੰਤਰ ਬਦਲਦੇ ਜਲਵਾਯੂ ਪਰਿਵਰਤਨ ਦੀ ਬਾਤ ਹੈ ਜੋ ਸਾਨੂੰ ਇਹ ਸੋਚਣ 'ਤੇ ਮਜ਼ਬੂਰ ਕਰਦੀ ਹੈ ਕਿ ਉਹ ਸਾਡੇ ਸਾਰਿਆਂ ਲਈ ਕਿਉਂ ਮਾਇਨੇ ਰੱਖਦਾ ਹੈ! ਅਤੇ ਬੇਸ਼ੱਕ, ਇਨ੍ਹਾਂ ਕਹਾਣੀਆਂ ਦਾ ਸੰਗ੍ਰਹਿ ਉਤਸੁਕ "ਗੋਲਡੀਲੌਕਸ" ਦੀ ਸੈਰ ਤੋਂ ਬਿਨਾਂ ਪੂਰਾ ਨਹੀਂ ਹੋਵੇਗਾ, ਹਾਲਾਂਕਿ ਇੱਥੇ ਉਸਦਾ ਸਾਹਸ ਤੁਹਾਡੀ ਉਮੀਦ ਤੋਂ ਥੋੜ੍ਹਾ ਵੱਖਰਾ ਹੋ ਸਕਦਾ ਹੈ! ਅੰਤ ਵਿੱਚ, ਤੁਸੀਂ ਦੁਬਾਰਾ ਪੰਜਾਬ ਦੀ ਹਰਿਆਲੀ ਤੇ ਪਵਿੱਤਰ ਧਰਤੀ 'ਤੇ ਬਿੱਟੂ ਦੇ ਬਚਪਨ, ਉਸ ਦੇ ਮਾਖਿਓਂ ਮਿੱਠੇ ਪਦਾਰਥਾਂ ਦੇ ਖਾਣ-ਪੀਣ ਦੇ ਸ਼ੌਕ ਤੇ ਉਨ੍ਹਾਂ ਨੂੰ ਵੇਚਣ ਵਾਲ਼ੇ ਭਾਈਆਂ ਨਾਲ਼ ਉਸ ਦੀ ਗੱਲਬਾਤ ਕਰਨ ਦੀ ਕੋਸ਼ਿਸ਼, ਅਤੇ ਉਸ ਦਾ ਵੱਡੇ ਹੁੰਦੇ ਹੋਏ ਸਾਈਕਲ ਸਿੱਖਣਾ, ਬਾਰੇ ਪੜ੍ਹ ਸਕਦੇ ਹੋ।

ਮੈਂ ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ ਤੇ ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ ਜੀ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ, ਇਨ੍ਹਾਂ ਵਿੱਚ ਕੁਝ ਸੋਧਾਂ ਕਰਨ ਲਈ ਆਪਣੇ ਵੱਡਮੁੱਲੇ ਵਿਚਾਰ ਦਿੱਤੇ। ਮੈਂ ਸ਼੍ਰੀ ਬਲਵਿੰਦਰ ਮਾਨ, ਸੰਪਾਦਕ ਨਿੱਕੀਆਂ ਕਰੂੰਬਲਾਂ ਅਤੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕੀ ਮੰਡਲ ਦਾ ਵੀ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਨ੍ਹਾਂ ਕਹਾਣੀਆਂ ਨੂੰ ਸਮੇਂ-ਸਮੇਂ ਆਪਣੇ ਮੈਗ਼ਜ਼ੀਨ ਤੇ ਅਖ਼ਬਾਰ ਵਿਚ ਪ੍ਰਕਾਸ਼ਿਤ ਕੀਤਾ।

ਉਮੀਦ ਹੈ ਇਹ ਕਹਾਣੀਆਂ ਬੱਚਿਆਂ ਨੂੰ ਪਸੰਦ ਆਉਣਗੀਆਂ ਤੇ ਇਨ੍ਹਾਂ ਨੂੰ ਪੜ੍ਹ ਕੇ, ਉਨ੍ਹਾਂ ਦੇ ਮਨ ਅੰਦਰ ਪੜ੍ਹਨ ਦਾ ਸ਼ੌਕ ਪ੍ਰਫੁੱਲਿਤ ਹੋਣ ਦੇ ਨਾਲ਼-ਨਾਲ਼, ਸਾਡੀ ਖੂਬਸੂਰਤ ਧਰਤੀ ਤੇ ਉਸ ਦੇ ਸੁੰਦਰ ਜੀਵਾਂ ਬਾਰੇ ਵਿਗਿਆਨਕ ਨਜ਼ਰੀਏ ਤੋਂ ਜਾਣਨ ਦੀ ਰੁਚੀ ਵਿਕਸਿਤ ਹੋਏਗੀ। ਕਿਰਪਾ ਕਰਕੇ ਆਪਣੇ ਵੱਡਮੁੱਲੇ ਸੁਝਾਅ ਜ਼ਰੂਰ ਭੇਜਣਾ। ਆਪ ਜੀ ਦੇ ਸੁਝਾਵਾਂ ਦੀ ਉਡੀਕ ਵਿੱਚ ...

ਧੰਨਵਾਦ ਸਹਿਤ,

ਅਮਨਦੀਪ ਸਿੰਘ




ਮਿੰਟੂ ਦੀ ਉਦੋਂ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਉਨ੍ਹਾਂ ਦਾ ਕੈਨੇਡਾ ਦਾ ਵੀਜ਼ਾ ਲੱਗ ਕੇ ਆ ਗਿਆ।

'ਹੁਣ ਅਸੀਂ ਅਗਲੇ ਮਹੀਨੇ ਹੀ ਤੁਹਾਡੀਆਂ ਛੁੱਟੀਆਂ ਸ਼ੁਰੂ ਹੁੰਦਿਆਂ ਹੀ ਇੱਕ-ਦੋ ਮਹੀਨੇ ਲਈ ਕੈਨੇਡਾ ਜਾਵਾਂਗੇ।' ਉਸ ਦੇ ਪਿਤਾ ਜੀ ਅਮਰਪ੍ਰੀਤ ਸਿੰਘ ਨੇ ਐਲਾਨ ਕੀਤਾ।

'ਵਾਹ, ਮੈਨੂੰ ਯਕੀਨ ਨਹੀਂ ਆ ਰਿਹਾ!' ਉਸਦੀ ਛੋਟੀ ਭੈਣ ਰਾਣੀ ਵੀ ਖ਼ੁਸ਼ੀ ਨਾਲ਼ ਬੋਲੀ।

'ਚਲੋ ਹੁਣ ਤੁਸੀਂ ਆਪਣਾ ਸਕੂਲ ਦਾ ਕੰਮ ਕਰੋ,  ਅਸੀਂ ਤਿਆਰੀ ਸ਼ੁਰੂ ਕਰਦੇ ਹਾਂ।' ਉਸ ਦੇ ਮਾਤਾ ਜੀ ਪ੍ਰੀਤੀ ਨੇ ਕਿਹਾ।

'ਠੀਕ ਹੈ, ਮਾਤਾ ਜੀ।' ਦੋਵਾਂ ਨੇ ਇੱਕੋ ਵੇਲੇ ਕਿਹਾ। ਹੁਣ ਤਾਂ ਉਹ ਮਾਤਾ ਜੀ ਦੀ ਹਰ ਇੱਕ ਗੱਲ ਮੰਨਣ ਲਈ ਤਿਆਰ ਸਨ।

ਉਨ੍ਹਾਂ ਨੂੰ ਚੰਗਾ ਵਤੀਰਾ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਨੇ ਸੋਚਿਆ। ਉਹ ਦੋਵੇਂ ਆਪਣੇ-ਆਪਣੇ ਕਮਰਿਆਂ ਵਿੱਚ ਚਲੇ ਗਏ ਤੇ ਆਪਣਾ ਸਕੂਲ ਦਾ ਕੰਮ ਕਰਨ ਵਿੱਚ ਰੁੱਝ ਗਏ।

ਮਿੰਟੂ ਦੇ ਚਾਚਾ ਜੀ ਸਰਬਜੀਤ ਸਿੰਘ ਕੈਨੇਡਾ ਰਹਿੰਦੇ ਸਨ ਜਿਨ੍ਹਾਂ ਨੇ ਹੀ ਉਨ੍ਹਾਂ ਦੇ ਪਿਤਾ ਜੀ ਨੂੰ ਸਪਾਂਸਰਸ਼ਿੱਪ ਦੇ ਕਾਗ਼ਜ਼ ਭੇਜੇ ਸਨ, ਜਿਸ ਕਰਕੇ ਵੀਜ਼ਾ ਆਸਾਨੀ ਨਾਲ਼ ਲੱਗ ਗਿਆ ਸੀ।

ਮਈ ਦਾ ਮਹੀਨਾ ਪਤਾ ਹੀ ਨਹੀਂ ਕਿੰਝ ਬੀਤ ਗਿਆ। ਜਿਵੇ ਹੀ ਜੂਨ ਦਾ ਮਹੀਨਾ ਚੜ੍ਹਿਆ, ਗਰਮੀ ਆਪਣੇ ਸਿਖਰ 'ਤੇ ਪੁੱਜ ਗਈ ਸੀ। ਪਸੀਨਾ ਇੰਝ ਆਉਂਦਾ ਸੀ ਜਿਵੇ ਪਰਬਤ ਵਿੱਚੋਂ ਪਾਣੀ ਸਿੰਮ ਰਿਹਾ ਹੋਵੇ। ਉਸ ਨੂੰ ਬਾਹਲੀ ਗਰਮੀ ਲੱਗਣੀ ਸ਼ੁਰੂ ਹੋ ਗਈ। ਪਰ ਉਹ ਖ਼ੁਸ਼ ਸੀ ਕਿ ਉਹ ਦੂਜੇ ਦਿਨ ਹੀ ਕੈਨੇਡਾ ਚਲੇ ਜਾਣਗੇ ਤੇ ਉੱਥੋਂ ਦੀਆਂ ਸੁਹਾਵਣੀਆਂ ਗਰਮੀਆਂ ਵਿੱਚ ਘੁੰਮਣਗੇ। ਉਸ ਨੇ ਕੈਨੇਡਾ ਦੇ ਮੌਸਮ ਬਾਰੇ ਸਾਰਾ ਕੁਝ ਪੜ੍ਹ ਲਿਆ ਸੀ। ਟਰੰਟੋ ਜਿੱਥੇ ਉਨ੍ਹਾਂ ਨੇ ਜਾਣਾ ਸੀ, ਠੰਡ ਬਹੁਤ ਪੈਂਦੀ ਸੀ ਪਰ ਗਰਮੀਆਂ ਬਹੁਤ ਸੁਹਾਵਣੀਆਂ ਹੁੰਦੀਆਂ ਸਨ - ਦਿਨ ਦਾ ਤਾਪਮਾਨ 22 ਤੋਂ 32 ਡਿਗਰੀ ਸੈਲਸੀਅਸ ਦੇ ਨੇੜੇ-ਤੇੜੇ ਹੀ ਰਹਿੰਦਾ ਹੈ, ਪੰਜਾਬ ਵਾਂਗ 45 ਡਿਗਰੀ ਨਹੀਂ।

ਉਨ੍ਹਾਂ ਨੇ ਆਪਣੀ ਸਾਰੀ ਤਿਆਰੀ ਕਰ ਲਈ ਸੀ। ਅਮਰਪ੍ਰੀਤ ਤੇ ਪ੍ਰੀਤੀ ਨੇ ਸਾਰੇ ਅਟੈਚੀ ਚੰਗੀ ਤਰ੍ਹਾਂ ਪੈਕ ਕਰ ਲਏ ਸਨ। ਇੱਕ ਮਹੀਨੇ ਦੇ ਲਈ ਕੱਪੜੇ ਤੇ ਹੋਰ ਗਿਫ਼ਟ ਵਗੈਰਾ ਪੈਕ ਕਰ ਲਏ। ਹਰ ਇੱਕ ਦਾ ਇੱਕ ਆਪਣਾ-ਆਪਣਾ ਅਟੈਚੀ-ਕੇਸ ਤਿਆਰ ਸੀ। ਰਾਣੀ ਆਪਣੇ ਛੋਟੇ ਜਿਹੇ ਗੁਲਾਬੀ ਡਿਜ਼ਨੀ ਅਟੈਚੀ ਨਾਲ਼ ਬਹੁਤ ਖ਼ੁਸ਼ ਸੀ, ਜੋ ਕਿ ਪਿਛਲੀ ਵਾਰ ਉਸ ਦੇ ਚਾਚਾ ਜੀ ਉਸ ਲਈ ਕੈਨੇਡਾ ਤੋਂ ਹੀ ਲੈ ਕੇ ਆਏ ਸਨ।

ਮਿੰਟੂ ਨੇ ਆਪਣੇ ਲਈ ਪੜ੍ਹਨ ਲਈ ਕੁਝ ਮੈਗ਼ਜ਼ੀਨ ਤੇ ਕਿਤਾਬਾਂ ਰੱਖ ਲਈਆਂ ਤਾਂ ਜੋ ਉਹ ਬੋਰ ਨਾ ਹੋਵੇ। ਉਸ ਨੂੰ ਪੜ੍ਹਨ ਦਾ ਬਹੁਤ ਸ਼ੌਂਕ ਸੀ। ਵੈਸੇ ਉਹ ਆਪਣੇ ਫ਼ੋਨ ਤੇ ਵੀ ਕਿਤਾਬਾਂ ਪੜ੍ਹ ਸਕਦਾ ਸੀ, ਪਰ ਉਹ ਗੱਲ ਨਹੀਂ ਬਣਦੀ ਸੀ, ਉਸ ਨੂੰ ਅਸਲੀ ਕਿਤਾਬ ਪੜ੍ਹਨਾ ਹੀ ਚੰਗਾ ਲਗਦਾ ਸੀ।

ਜਲੰਧਰ ਤੋਂ ਦਿੱਲੀ ਤੱਕ ਦਾ ਸਫ਼ਰ ਬਹੁਤ ਲੰਬਾ ਸੀ। ਪਰ ਇਨੋਵਾ ਗੱਡੀ ਬਹੁਤ ਖੁੱਲ੍ਹੀ-ਡੁੱਲ੍ਹੀ ਸੀ, ਉਹ ਅਰਾਮ ਨਾਲ਼ ਬੈਠ ਕੇ ਜਾ ਰਹੇ ਸਨ, ਬਾਹਰ ਖੇਤਾਂ ਦੀ ਹਰਿਆਲੀ ਨੂੰ ਦੇਖਦੇ ਹੋਏ। ਕਾਰ ਡ੍ਰਾਈਵਰ ਨੇ ਵਧੀਆ ਪੰਜਾਬੀ ਗੀਤ ਲਗਾਏ ਹੋਏ ਸਨ। ਪਤਾ ਹੀ ਨਹੀਂ ਚੱਲਿਆ ਕਿ ਸਫ਼ਰ ਕਦੋਂ ਕੱਟ ਗਿਆ ਤੇ ਉਹ ਦਿੱਲੀ ਏਅਰਪੋਰਟ ਪੁੱਜ ਗਏ।

ਮਿੰਟੂ ਏਅਰਪੋਰਟ ਪਹਿਲਾਂ ਵੀ ਆਇਆ ਹੋਇਆ ਸੀ, ਪਰ ਉਹ ਆਪਣੇ ਚਾਚਾ ਜੀ ਨੂੰ ਚੜ੍ਹਾਉਣ ਆਏ ਹੋਏ ਬਾਹਰੋਂ ਹੀ ਮੁੜ ਗਏ ਸਨ। ਏਅਰਪੋਰਟ ਅੰਦਰੋਂ ਬਹੁਤ ਸ਼ਾਨਦਾਰ ਤੇ ਸਾਫ਼ ਸੀ, ਬਾਹਰਲੇ ਮਹੌਲ ਨਾਲ਼ੋਂ ਬਿਲਕੁਲ ਅੱਡ ਹੀ ਮਾਹੌਲ, ਜਿਵੇਂ ਉਹ ਹੁਣੇ ਹੀ ਬਾਹਰਲੇ ਮੁਲਕ ਆ ਗਏ ਹੋਣ। ਕੈਨੇਡਾ ਏਅਰਲਾਈਨ ਦੇ ਕਾਊਂਟਰ ਤੋਂ ਬੋਰਡਿੰਗ ਪਾਸ ਲੈ ਕੇ ਤੇ ਆਪਣੇ ਅਟੈਚੀ ਚੈੱਕ-ਇਨ ਕਰਵਾ ਕੇ ਸਿਰਫ਼ ਹੱਥ ਵਿੱਚ ਫੜਨ ਵਾਲ਼ੇ

ਬੈਗ ਲੈ ਕੇ, ਉਹ ਇਮੀਗ੍ਰੇਸ਼ਨ ਦੀ ਲਾਈਨ ਵਿੱਚ ਜਾ ਕੇ ਖੜ੍ਹ ਗਏ। ਉਸ ਦੇ ਪਿਤਾ ਜੀ ਉਨ੍ਹਾਂ ਚਾਰਾਂ ਦੇ ਪਾਸਪੋਰਟ ਚੈੱਕ ਕਰਵਾਉਣ ਲੱਗੇ। ਉਹ ਹੋਰ ਲਾਈਨਾਂ ਵਿੱਚ ਖੜੇ ਅੱਲਗ-ਅੱਲਗ ਦੇਸਾਂ ਦੇ ਬਸ਼ਿੰਦੇ ਦੇਖ ਰਿਹਾ ਸੀ - ਕੋਈ ਗੋਰਾ ਸੀ ਤੇ ਕੋਈ ਚੀਨੀ। ਬਹੁਤ ਸਾਰੇ ਗੋਰੇ, ਗੋਰੀਆਂ ਆਪਣੀ ਪਿੱਠ ਤੇ ਬੈਕਪੈਕ ਲਟਕਾਈ ਵਾਪਸ ਜਾ ਰਹੇ ਸਨ। ਉਨ੍ਹਾਂ ਨੇ ਬੜੇ ਖੁਲ੍ਹੇ-ਡੁਲ੍ਹੇ ਕਪੜੇ ਪਾਏ ਹੋਏ ਸਨ। ਪਰ ਭਾਰਤ ਦੀ ਗਰਮੀ ਕਾਰਨ ਉਨ੍ਹਾਂ ਦੇ ਰੰਗ ਭੂਰੇ ਹੋ ਗਏ ਸਨ, ਫਿਰ ਵੀ ਉਹ ਬਹੁਤ ਖ਼ੁਸ਼ ਦਿਖਾਈ ਦੇ ਰਹੇ ਸਨ! ਪਾਸਪੋਰਟ ਚੈੱਕ ਕਰਵਾ ਕੇ ਉਹ ਉੱਥੇ ਪਹੁੰਚ ਗਏ ਜਿੱਥੋਂ  ਕੈਨੇਡਾ ਏਅਰਲਾਈਨ ਦਾ ਜਹਾਜ਼ ਚੱਲਣਾ ਸੀ। ਅਜੇ ਜਹਾਜ਼ ਨੂੰ ਚੱਲਣ ਲਈ ਡੇਢ ਕੁ ਘੰਟਾ ਪਿਆ ਸੀ। ਉਸ ਦੇ ਮਾਤਾ-ਪਿਤਾ ਸਮਾਨ ਰੱਖ ਕੇ, ਕੁਰਸੀਆਂ 'ਤੇ ਬੈਠਕੇ ਇੰਤਜ਼ਾਰ ਕਰਨ ਲੱਗੇ। ਉਸਦਾ ਮਨ ਖੂਬਸੂਰਤ ਦੁਕਾਨਾਂ ਨੂੰ ਦੇਖਣ ਲਈ ਕਰਨ ਲੱਗਿਆ।

'ਪਿਤਾ ਜੀ, ਕੀ ਮੈਂ ਦੁਕਾਨਾਂ ਦੇਖ ਆਵਾਂ?'

'ਠੀਕ ਹੈ ਬੇਟੇ, ਪਰ ਜ਼ਿਆਦਾ ਦੂਰ ਨਾ ਜਾਈਂ।'

'ਵੀਰੇ, ਮੈਂ ਵੀ ਜਾਣਾ ਹੈ।' ਰਾਣੀ ਬੋਲੀ।

ਮਿੰਟੂ ਤੇ ਰਾਣੀ ਅਲੱਗ-ਅਲੱਗ ਕਿਸਮ ਦੀਆਂ  ਦੁਕਾਨਾਂ ਦੇਖਣ ਲੱਗੇ - ਕਿਤਾਬਾਂ ਦੀਆਂ, ਸੋਵੀਨੀਅਰ ਤੇ ਸਜਾਵਟ ਦੇ ਸਮਾਨ ਦੀਆਂ, ਖਾਣ-ਪੀਣ ਦੀਆਂ - ਇੰਨੀਆਂ ਸੁੰਦਰ ਦੁਕਾਨਾਂ ਉਸ ਨੇ ਕਿਤੇ ਨਹੀਂ ਸਨ ਵੇਖੀਆਂ, ਮਾਲ ਦੇ ਵਿੱਚ ਵੀ ਨਹੀਂ। ਭਾਰਤ ਦੇ ਚਮਕਦੇ ਸ਼ੋ-ਪੀਸ, ਅਸਲੀ-ਨਕਲੀ ਫੁੱਲਾਂ ਦੇ ਜੀਵੰਤ ਰੰਗ, ਲੋਕਾਂ ਦੀਆਂ ਗੱਲਾਂ-ਬਾਤਾਂ ਦੀ ਗੂੰਜ, ਕੌਫੀ ਅਤੇ ਨਵੀਆਂ ਕਿਤਾਬਾਂ ਦੀ ਹਲਕੀ ਖ ਖ਼ੁਸ਼ਬੂ ਮਿੰਟੂ ਦੇ ਮਨ ਨੂੰ ਛੋਹ ਰਹੇ ਸਨ। ਉਸਦਾ ਮਨ ਕੀਤਾ ਉਹ ਪੜ੍ਹਨ ਲਈ ਹੋਰ ਕਿਤਾਬਾਂ ਖਰੀਦ ਲਏ। ਪਰ ਉੱਥੇ ਹਰ ਇੱਕ ਚੀਜ਼ ਬਹੁਤ ਮਹਿੰਗੀ ਸੀ। ਸਭ ਕੁਝ ਦੇਖ ਕੇ ਰਾਣੀ ਦੀਆਂ ਅੱਖਾਂ ਵਿੱਚ ਵੀ ਹੈਰਾਨੀ ਸੀ। ਉਹ ਇੱਕ ਚੱਕਰ ਲਗਾ ਕੇ ਵਾਪਸ ਆ ਗਏ। ਉਦੋਂ ਹੀ ਬੋਰਡਿੰਗ ਦੀ ਅਨਾਊਂਸਮੈਂਟ ਹੋ ਗਈ ਤੇ ਉਸ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਜਲਦੀ ਨਾਲ਼ ਸਮਾਨ ਚੁੱਕ ਕੇ ਲਾਈਨ ਵਿੱਚ ਲੱਗਣ ਲਈ ਕਿਹਾ। ਬਹੁਤ ਸਾਰੇ ਲੋਕ ਲਾਈਨ ਵਿੱਚ ਪਹਿਲਾਂ ਹੀ ਲੱਗ ਗਏ ਸਨ, ਉਹ ਸਭ ਜਲਦੀ ਨਾਲ਼ ਜਹਾਜ਼ ਵਿੱਚ ਜਾਣਾ ਚਾਹੁੰਦੇ ਸਨ। ਏਅਰ-ਹੋਸਟੈੱਸ ਸਭ ਦੇ ਪਾਸਪੋਰਟ ਤੇ ਬੋਰਡਿੰਗ ਪਾਸ ਚੈੱਕ ਕਰ ਰਹੀ ਸੀ। ਉਸ ਨੇ ਮੁਸਕਰਾਉਂਦਿਆ ਉਨ੍ਹਾਂ ਦੇ ਪਾਸਪੋਰਟ ਤੇ ਬੋਰਡਿੰਗ ਪਾਸ ਚੈੱਕ ਕਰਕੇ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਤੇ ਜਹਾਜ਼ ਅੰਦਰ ਜਾਣ ਲਈ ਇਸ਼ਾਰਾ ਕੀਤਾ। ਇੱਕ ਲੰਬੀ ਜਿਹੀ ਸੁਰੰਗ ਦੇ ਵਿੱਚੋਂ ਦੀ ਹੁੰਦੇ ਹੋਏ, ਉਹ ਜਹਾਜ਼ ਦੇ ਦਰਵਾਜ਼ੇ ਕੋਲ਼ ਪਹੁੰਚੇ। ਦੋ ਏਅਰ ਹੋਸਟੈੱਸ ਉੱਥੇ ਵੀ ਉਨ੍ਹਾਂ ਦੇ ਸਵਾਗਤ ਤੇ ਗਾਈਡ ਕਰਨ ਲਈ ਖੜੀਆਂ ਸਨ। ਸੀਟਾਂ ਵਿੱਚਕਾਰ ਤੰਗ ਜਿਹੇ ਰਸਤੇ ਵਿੱਚੋਂ ਦੀ ਹੁੰਦੇ ਹੋਏ, ਉਹ ਸੀਟਾਂ ਦੇ ਨੰਬਰ ਚੈੱਕ ਕਰਦਿਆਂ ਆਪਣੀ ਸੀਟ ਲੱਭ ਰਹੇ ਸਨ। ਜਹਾਜ਼ ਕੀ ਸੀ, ਇੱਕ ਤਰ੍ਹਾਂ ਦਾ ਵਿਸ਼ਾਲ ਹਾਲ ਸੀ। ਅੱਧਾ ਜਹਾਜ਼ ਪਾਰ ਕਰਦੇ ਹੋਏ, ਉਹ ਜਹਾਜ਼ ਦੇ ਪਿਛਲੇ ਪਾਸੇ ਪਹੁੰਚ ਗਏ। ਸੀਟਾਂ ਦੇ ਉੱਪਰਲੇ ਖਾਨਿਆਂ ਵਿੱਚ ਬੈਗ ਰੱਖ ਕੇ ਉਹ ਆਪੋ ਆਪਣੀਆਂ ਸੀਟਾਂ ਤੇ ਬੈਠ ਗਏ। ਉਹ ਆਪਣੇ ਪਿਤਾ ਜੀ ਨਾਲ਼ ਤੇ ਰਾਣੀ ਮਾਤਾ ਜੀ ਨਾਲ਼ ਬੈਠ ਗਈ। ਉਸ ਨੇ ਤੇ ਰਾਣੀ ਨੇ ਖਿੜਕੀ ਵਾਲ਼ੀ ਸੀਟ ਲੈ ਲਈ। ਬਾਹਰ ਦਿੱਲੀ ਸ਼ਹਿਰ ਦੀਆਂ ਰੌਸ਼ਨੀਆਂ, ਪ੍ਰਦੂਸ਼ਣ ਦੇ ਧੂੰਏ ਵਿੱਚ ਵੀ ਖੂਬਸੂਰਤ ਲੱਗ ਰਹੀਆਂ ਸਨ। ਉਨ੍ਹਾਂ ਦੇ ਸਾਹਮਣੇ ਸੀਟ ਤੇ ਲੱਗੇ ਟੀਵੀ ਦੀ ਸਕਰੀਨ 'ਤੇ

ਸੁਰੱਖਿਆ ਦੀ ਅਨਾਊਂਸਮੈਂਟ ਸ਼ੁਰੂ ਹੋ ਗਈ, ਤੇ ਏਅਰ-ਹੋਸਟੈੱਸ ਨੇ ਵੀ ਆਪਣੇ ਹੱਥ ਵਿੱਚ ਬੈਲਟ ਫੜ ਕੇ ਸੁਰੱਖਿਆ ਦੇ ਨਿਰਦੇਸ਼ ਦੱਸਣੇ ਸ਼ੁਰੂ ਕਰ ਦਿੱਤੇ, ਨਾਲ਼ ਹੀ ਜਹਾਜ਼ ਹੌਲ਼ੀ-ਹੌਲ਼ੀ ਚੱਲਣ ਲੱਗ ਪਿਆ। ਉਹ ਸਾਰੇ ਜਣੇ ਬਹੁਤ ਉਤਸ਼ਾਹਿਤ ਸਨ। ਉਨ੍ਹਾਂ ਨੇ ਸੁਰੱਖਿਆ ਬੈਲਟ ਪਹਿਲਾਂ ਹੀ ਚੰਗੀ ਤਰ੍ਹਾਂ ਬੰਨ੍ਹ ਲਈ ਸੀ।

ਸੁਰੱਖਿਆ ਅਨਾਊਂਸਮੈਂਟ ਖਤਮ ਹੁੰਦੇ ਹੀ, ਜਹਾਜ਼ ਦੀ ਆਵਾਜ਼ ਉੱਚੀ ਹੋ ਗਈ ਤੇ ਉਹ ਰਨਵੇ 'ਤੇ ਇੱਕਦਮ ਤੇਜ਼ ਦੌੜਨ ਲੱਗਿਆ। ਮਿੰਟੂ ਬੜੀ ਨੀਝ ਨਾਲ਼ ਖਿੜਕੀ ਤੋਂ ਬਾਹਰ ਦੇਖ ਰਿਹਾ ਸੀ, ਇੰਨੇ ਨੂੰ ਜਹਾਜ਼ ਨੇ ਹਵਾ ਵਿੱਚ ਉਡਾਣ ਭਰ ਲਈ। ਉਸਦਾ ਦਿਲ ਘਾਊਂ-ਮਾਊਂ ਜਿਹਾ ਹੋਣ ਲੱਗਿਆ, ਪਰ ਉਹ ਥੱਲੇ ਪਿੱਛੇ ਰਹਿ ਰਿਹਾ ਘੁੱਗ-ਵੱਸਦਾ ਦਿੱਲੀ ਸ਼ਹਿਰ ਵੇਖਣ ਵਿੱਚ ਮਸਰੂਫ਼ ਸੀ, ਦਿੱਲੀ ਸ਼ਹਿਰ ਦੀਆਂ ਰੌਸ਼ਨੀਆਂ ਮੀਲਾਂ-ਬੱਧੀ ਫੈਲੀਆਂ ਹੋਈਆਂ ਸਨ। ਮਿੰਟਾਂ ਵਿੱਚ ਹੀ ਜਹਾਜ਼ ਕਾਲ਼ੇ-ਕਾਲ਼ੇ ਬੱਦਲਾਂ ਤੋਂ ਉੱਪਰ ਉੱਠ ਗਿਆ ਤੇ ਸ਼ਹਿਰ ਦੀਆਂ ਰੌਸ਼ਨੀਆਂ ਬਹੁਤ ਪਿੱਛੇ ਰਹਿ ਗਈਆਂ ਸਨ। ਉਸ ਨੇ ਆਪਣੇ ਸਾਹਮਣੇ ਲੱਗੀ ਸਕਰੀਨ 'ਤੇ ਦੇਖਿਆ, ਉਹ ਪਾਕਿਸਤਾਨ ਦੇ ਉੱਪਰੋਂ ਉਡਦੇ ਹੋਏ ਅਫ਼ਗਾਨਿਸਤਾਨ ਵੱਲ ਨੂੰ ਉਡ ਰਹੇ ਸਨ। ਜਹਾਜ਼ ਦੀ ਸਪੀਡ ਹੁਣ 800 ਕਿਲੋਮੀਟਰ ਪ੍ਰਤੀ ਘੰਟਾ ਸੀ ਤੇ ਉਹ 34000 ਫੁੱਟ ਉਚਾ ਉਡ ਰਿਹਾ ਸੀ, ਬਾਹਰ ਦਾ ਤਾਪਮਾਨ ਮਨਫ਼ੀ 46 ਡਿਗਰੀ ਸੀ। ਉਹ ਸਾਰੀ ਜਾਣਕਾਰੀ ਪੜ੍ਹ ਕੇ ਹੈਰਾਨ ਹੋ ਰਿਹਾ ਸੀ! ਫੇਰ ਉਸ ਨੇ ਟੀਵੀ ਦੇਖਣਾ ਸ਼ੁਰੂ ਕਰ ਦਿੱਤਾ, ਹੌਲੀਵੁੱਡ ਤੇ ਬੌਲੀਵੁੱਡ ਦੀਆਂ ਨਵੀਆਂ ਰਿਲੀਜ਼ ਹੋਈਆਂ ਸਭ ਫ਼ਿਲਮਾਂ ਸਨ, ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕਿਹੜੀ ਫ਼ਿਲਮ ਦੇਖੇ। ਹੋਰ ਵੀ ਤਰ੍ਹਾਂ ਤਰ੍ਹਾਂ ਦੇ ਟੀਵੀ ਪ੍ਰੋਗ੍ਰਾਮ ਤੇ ਗੀਤ-ਸੰਗੀਤ ਸੀ। ਉਸ ਨੇ ਆਪਣੇ ਪਰਿਵਾਰ ਵੱਲ ਵੇਖਿਆ, ਉਸ ਦੇ ਪਿਤਾ ਜੀ ਕੋਈ ਡਾਕੂਮੈਂਟਰੀ ਦੇਖ ਰਹੇ ਸਨ, ਮਾਤਾ ਜੀ ਪੰਜਾਬੀ ਫ਼ਿਲਮ, ਰਾਣੀ ਆਪਣੀ ਮਨਪਸੰਦ ਡਿਜ਼ਨੀ ਫ਼ਿਲਮ ਦੇਖ ਰਹੀ ਸੀ। ਉਸ ਨੇ ਆਸਪਾਸ ਨਜ਼ਰ ਘੁਮਾਈ, ਸਾਰੇ ਲੋਕ ਕੋਈ ਨਾ ਕੋਈ ਫ਼ਿਲਮ ਦੇਖ ਰਹੇ ਸਨ, ਇਸ ਕੋਨੇ ਵਿੱਚ ਤਕਰੀਬਨ ਸਾਰੇ ਹੀ ਪੰਜਾਬੀ ਜਾਂ ਭਾਰਤੀ ਲੋਕ ਹੀ ਸਨ। ਕੋਈ ਟਾਵਾਂ-ਟਾਵਾਂ ਗੋਰਾ ਨਜ਼ਰ ਆ ਰਿਹਾ ਸੀ। ਉਸ ਨੇ ਸੋਚਿਆ ਕਿ ਬਾਲੀਵੁੱਡ ਫ਼ਿਲਮਾਂ ਤਾਂ ਦੇਖਦੇ ਹੀ ਰਹਿੰਦੇ ਹਾਂ, ਇਸ ਕਰਕੇ ਕੋਈ ਹੌਲੀਵੁੱਡ ਫ਼ਿਲਮ ਦੇਖੀ ਜਾਏ। ਉਸ ਨੇ ਇੱਕ ਐਕਸ਼ਨ ਫਿਲਮ "ਟਾਪ-ਗੰਨ" ਲਗਾ ਲਈ।

ਏਅਰ-ਹੋਸਟੈੱਸ ਖਾਣ-ਪੀਣ ਦਾ ਸਮਾਨ ਵਰਤਾਉਣ ਲੱਗ ਗਈ। ਰਾਣੀ ਨੂੰ ਖੇਡਣ ਲਈ ਕਿੱਟ ਵੀ ਮਿਲ਼ੀ, ਤੇ ਉਹ ਉਸ ਨੂੰ ਲੈ ਕੇ ਬਹੁਤ ਖ਼ੁਸ਼ ਹੋਈ। ਉਹ ਛੋਟੇ ਬੱਚਿਆਂ ਵਿੱਚ ਹੁਣ ਨਹੀਂ ਸੀ ਆਉਂਦਾ। ਇਸ ਕਰਕੇ ਉਸ ਨੂੰ ਅਜਿਹੀ ਕੋਈ ਕਿੱਟ ਨਹੀਂ ਮਿਲ਼ੀ। ਇੰਨੀ ਪਿਆਰੀ ਕਿੱਟ ਦੇਖ ਕੇ ਉਸਦਾ ਮਨ ਲਲਚਾ ਰਿਹਾ ਸੀ! ਇੱਕ ਪਲ ਲਈ ਤਾਂ ਉਸਦਾ ਮਨ ਕੀਤਾ ਕਿ ਉਹ ਵੀ ਮੁੰਡਿਆਂ ਵਾਲ਼ੀ ਖੇਡਣ ਦੀ ਕਿੱਟ ਮੰਗੇ। ਪਰ ਫੇਰ ਉਸ ਨੂੰ ਸ਼ਰਮ ਜਿਹੀ ਆ ਗਈ। 'ਲਾਲਚ ਨਹੀਂ ਕਰਨਾ ਚਾਹੀਦਾ।' ਉਸ ਨੇ ਆਪਣੇ ਮਨ ਵਿੱਚ ਸੋਚਿਆ ਤੇ ਫ਼ਿਲਮ ਦੇਖਣ ਵਿੱਚ ਮਸਤ ਹੋ ਗਿਆ ਤੇ ਨਾਲ਼-ਨਾਲ਼ ਸੋਡੇ ਦੀਆਂ ਚੁਸਕੀਆਂ ਭਰਨ ਲੱਗਾ ਤੇ ਸਨੈਕਸ ਖਾਣ ਲੱਗਾ। ਅੱਧੇ ਕੁ ਘੰਟੇ ਬਾਅਦ ਏਅਰ-ਹੋਸਟੈੱਸ ਡਿਨਰ ਵੀ ਲੈ ਕੇ ਆ ਗਈ, ਜਿਸ ਵਿੱਚ ਸਾਗ, ਮੱਕੀ ਦੀ ਰੋਟੀ, ਮੱਖਣ, ਦਹੀਂ, ਚੌਲ਼, ਤੇ ਖੀਰ ਸੀ। ਬਹੁਤ ਹੀ ਸਵਾਦਲਾ ਖਾਣਾ ਸੀ। ਖਾਣਾ ਖਾ ਕੇ ਤੇ ਫ਼ਿਲਮ ਦੇਖ ਕੇ ਉਸ ਨੂੰ ਨੀਂਦ ਆਉਣੀ ਸ਼ੁਰੂ ਹੋ ਗਈ। ਉਸ ਦੇ ਮਾਤਾ, ਪਿਤਾ ਤੇ ਰਾਣੀ ਤਾਂ ਪਹਿਲਾਂ ਹੀ ਸੌਂ ਚੁੱਕੇ ਸਨ। ਜਹਾਜ਼ ਦੀਆਂ ਬੱਤੀਆਂ ਬੰਦ ਕਰ ਦਿੱਤੀਆਂ ਗਈਆਂ ਸਨ, ਜੋ ਕਿ ਯਾਤਰੀਆਂ ਨੂੰ ਸੌਣ ਦਾ ਸੰਕੇਤ ਸੀ। ਜਹਾਜ਼ ਹਵਾ ਵਿੱਚ ਬੜੇ ਅਰਾਮ ਨਾਲ਼ ਤੈਰ ਰਿਹਾ ਸੀ,

ਉਸ ਨੂੰ ਇੰਨੀ ਤੇਜ਼ ਸਪੀਡ ਦਾ ਰਤਾ ਵੀ ਪਤਾ ਨਹੀਂ ਲੱਗ ਰਿਹਾ ਸੀ। ਜਹਾਜ਼ ਦੇ ਝੂਟੇ ਲੈਂਦਿਆਂ-ਲੈਂਦਿਆਂ ਉਸਦੀ ਅੱਖ ਲੱਗ ਗਈ।

ਉਹ ਡੂੰਘੀ ਨੀਂਦ ਵਿੱਚ ਸੀ ਜਦੋਂ 'ਖੜ-ਖੜ' ਨਾਲ਼ ਉਸਦੀ ਨੀਂਦ ਖੁਲ੍ਹ ਗਈ।

'ਬੇਟੇ, ਸੀਟ ਬੈਲਟ ਲਗਾ ਲੈ - ਅਨਾਊਂਸਮੈਂਟ ਹੋਈ ਹੈ ਕਿ ਜਹਾਜ਼ ਤੇਜ਼ ਹਵਾਵਾਂ ਵਿੱਚੋਂ ਦੀ ਗੁਜ਼ਰ ਰਿਹਾ ਜਿਸ ਕਰਕੇ ਟਰਬੁਲੈਂਸ ਹੋ ਰਹੀ ਹੈ।' ਉਸ ਦੇ ਪਿਤਾ ਜੀ ਉਸ ਨੂੰ ਉਠਾ ਰਹੇ ਸਨ।

ਉਸ ਨੇ ਸੀਟ ਬੈਲਟ ਲਗਾ ਲਈ। ਸਾਹਮਣੇ ਸਕਰੀਨ ਤੇ ਦੇਖਣ ਤੇ ਜਹਾਜ਼ ਯੂਰਪ ਦੇ ਉੱਪਰੋਂ ਦੀ ਗੁਜ਼ਰ ਰਿਹਾ ਸੀ, ਅਜੇ ਜਹਾਜ਼ ਨੇ ਅੱਧਾ ਰਸਤਾ ਨਹੀਂ ਸੀ ਪਾਰ ਕਰਿਆ। ਉਹ ਫੇਰ ਨੀਂਦ ਦੀ ਗੋਦ ਵਿੱਚ ਸੌਂ ਗਿਆ। ਜਦੋਂ ਉਸਦੀ ਨੀਂਦ ਖੁੱਲ੍ਹੀ ਤਾਂ ਦਿਨ ਚੜ੍ਹ ਆਇਆ ਸੀ। ਏਅਰ-ਹੋਸਟੈੱਸ ਬਰੇਕਫਾਸਟ ਦੇ ਰਹੀਆਂ ਸਨ। ਉਸ ਨੇ ਦੇਖਿਆ ਕਿ ਉਸ ਦੇ ਪਿਤਾ ਜੀ ਤੇ ਮਾਤਾ ਜੀ ਨੇ ਤਾਂ ਬ੍ਰੇਕਫਾਸਟ ਕਰ ਵੀ ਲਿਆ ਸੀ ਤੇ ਤਜ਼ਾਦਮ ਲੱਗ ਰਹੇ ਸਨ। ਰਾਣੀ ਅਜੇ ਵੀ ਘੂਕ ਸੁੱਤੀ ਪਈ ਸੀ। ਕਈ ਲੋਕ ਜਿਨ੍ਹਾ ਵਿੱਚੋਂ ਜ਼ਿਆਦਾਤਰ ਬਜ਼ੁਰਗ ਸਨ, ਜਹਾਜ਼ ਦੇ ਆਇਲ (Aisle - ਸੀਟਾਂ ਦੇ ਦਰਮਿਆਨ ਰਸਤਾ) ਵਿੱਚ ਚੱਲ ਫਿਰ ਰਹੇ ਸਨ। ਸ਼ਾਇਦ ਬੈਠੇ ਬੈਠੇ ਥੱਕ ਗਏ ਹੋਣ। ਸਫ਼ਰ ਵੀ ਤਾਂ ਬਹੁਤ ਲੰਬਾ ਸੀ। ਉਸ ਨੇ ਜਹਾਜ਼ ਦੇ ਮੈਗ਼ਜ਼ੀਨ ਵਿੱਚ ਪੜ੍ਹਿਆ ਸੀ ਕਿ ਲੰਬਾ ਸਮਾਂ ਬੈਠਣ ਨਾਲ਼ ਲੱਤਾਂ ਪੈਰਾਂ ਦੀਆਂ ਨਾੜਾਂ ਵਿੱਚ ਖ਼ੂਨ ਜੰਮ ਜਾਂਦਾ ਹੈ, ਜਿਸ ਨਾਲ਼ ਲੱਤਾਂ ਸੁੱਜ ਸਕਦੀਆਂ ਹਨ ਤੇ ਬਲੱਡ-ਕਲੌਟ ਵੀ ਹੋ ਸਕਦਾ ਹੈ। ਇਸ ਕਰਕੇ ਚੱਲਦੇ-ਫਿਰਦੇ ਰਹਿਣਾ ਚਾਹੀਦਾ ਹੈ ਤੇ ਪਾਣੀ ਵੀ ਪੀਂਦੇ ਰਹਿਣਾ ਚਾਹੀਦਾ ਹੈ। ਮਿੰਟੂ ਨੇ ਵੀ ਉੱਠਣਾ ਹੀ ਠੀਕ ਸਮਝਿਆ ਤੇ ਵਾਸ਼ਰੂਮ ਵੱਲ ਨੂੰ ਦੇਖਣ ਲੱਗ ਪਿਆ ਕਿ ਖਾਲੀ ਹੈ ਕਿ ਨਹੀਂ। ਇੱਕ ਵਾਸ਼ਰੂਮ ਖਾਲੀ ਸੀ। ਹੱਥ-ਮੂੰਹ ਧੋ ਕੇ ਉਹ ਵਾਪਸ ਆਪਣੀ ਸੀਟ ਤੇ ਆ ਗਿਆ। ਉਸ ਨੂੰ ਜ਼ੋਰ ਦੀ ਭੁੱਖ ਲੱਗੀ ਹੋਈ ਸੀ, ਉਸ ਨੇ ਫਟਾ ਫਟ ਖਾਣੇ ਦੀ ਟਰੇ ਚੁੱਕੀ। ਬ੍ਰੇਕਫਾਸਟ ਵਿੱਚ ਬ੍ਰੈਡ-ਟੋਸਟ, ਫ਼ਲ, ਜੂਸ ਤੇ ਹੋਰ ਕਿੰਨਾ ਕੁਛ ਸੀ, ਜਿਨ੍ਹਾਂ ਦਾ ਉਸ ਨੂੰ ਨਾਮ ਵੀ ਨਹੀਂ ਸੀ ਪਤਾ। ਉਸ ਨੇ ਮਜ਼ੇ ਨਾਲ਼ ਬਰੇਕਫਾਸਟ ਕੀਤਾ। ਜਹਾਜ਼ ਯੂਰਪ ਟੱਪ ਚੁੱਕਾ ਸੀ ਤੇ ਅੱਧਾ ਰਸਤਾ ਵੀ ਪਾਰ ਕਰ ਚੁੱਕਾ ਸੀ, ਪਰ ਅਜੇ ਵੀ ਛੇ-ਸੱਤ ਘੰਟੇ ਦਾ ਸਫ਼ਰ ਬਾਕੀ ਸੀ।

ਮਿੰਟੂ ਫੇਰ ਇੱਕ ਹੋਰ ਹੌਲੀਵੁੱਡ ਫ਼ਿਲਮ "ਸਪਾਈਡਰ ਮੈਨ" ਦੇਖਣ ਲੱਗ ਪਿਆ। ਸਪਾਈਡਰ ਮੈਨ - ਸੁਪਰ ਹੀਰੋ, ਉਸ ਨੂੰ ਬਹੁਤ ਚੰਗਾ ਲਗਦਾ ਸੀ, ਸ਼ਕਤੀਸ਼ਾਲੀ ਮੱਕੜੀ ਦੇ ਜਾਲ਼ ਨਾਲ਼ ਉਸਦਾ ਇੱਕ ਇਮਾਰਤ ਤੋਂ ਦੂਜੀ ਇਮਾਰਤ 'ਤੇ ਕੁੱਦਣਾ, ਦੁਸ਼ਟਾਂ ਨੂੰ ਫੜਨਾ ਬੜਾ ਹੈਰਾਨੀ ਭਰਿਆ ਸੀ! ਉਹ ਫ਼ਿਲਮ ਦੇਖਣ ਵਿੱਚ ਇੰਨਾ ਮਘਨ ਹੋ ਗਿਆ ਕਿ ਸਮੇਂ ਦਾ ਪਤਾ ਹੀ ਨਹੀਂ ਚੱਲਿਆ। ਪਰ ਅਜੇ ਵੀ ਚਾਰ ਕੁ ਘੰਟੇ ਦਾ ਸਫ਼ਰ ਪਿਆ ਸੀ। ਰਾਣੀ ਵੀ ਉੱਠ ਗਈ ਸੀ, ਉਸ ਨੇ ਸੀਟ ਪਿੱਛੇ ਦੇਖ ਕੇ ਉਸ ਨੂੰ ਬੁਲਾਇਆ।

'ਰਾਣੀ , ਤੂੰ ਕੀ ਦੇਖ ਰਹੀ ਏਂ?'

'ਵੀਰੇ, ਮੈਂ ਹੁਣ 'ਡਿਜ਼ਨੀ ਦੀ ਫਰੋਜ਼ਨ' ਦੇਖ ਰਹੀ ਹਾਂ।'

ਡਿਜ਼ਨੀ ਦੀਆਂ ਫ਼ਿਲਮਾਂ ਰਾਣੀ ਦੀਆਂ ਮਨਪਸੰਦ ਸਨ।

'ਚੰਗਾ, ਠੀਕ ਹੈ। ਤੇ ਮਾਤਾ ਜੀ?'

'ਉਹ ਤਾਂ ਪੰਜਾਬੀ ਹੀ ਦੇਖਦੇ ਹਨ, ਤੇ ਹੁਣ ਦਿਲਜੀਤ ਦੀ 'ਹੌਂਸਲਾ ਰੱਖ' ਦੇਖ ਰਹੇ ਹਨ। ਬਹੁਤ ਵਧੀਆ ਫ਼ਿਲਮ ਹੈ! ਮੈਂ ਵੀ ਦੇਖਾਂਗੀ।'

ਉਸ ਨੇ ਆਪਣੇ ਪਿਤਾ ਜੀ ਵੱਲ ਦੇਖਿਆ ਜੋ ਕਿ ਮੈਗਜ਼ੀਨ ਪੜ੍ਹਨ ਵਿੱਚ ਮਸਰੂਫ਼ ਸਨ। ਉਸਦਾ ਮਨ ਕੀਤਾ ਕਿ ਉੱਠ ਕੇ ਉਹ ਜਹਾਜ਼ ਵਿੱਚ ਘੁੰਮੇ। ਉਸ ਨੇ ਆਪਣੇ ਪਿਤਾ ਜੀ ਤੋਂ ਇਜਾਜ਼ਤ ਲਈ ਤੇ ਰਾਣੀ ਨੂੰ ਨਾਲ਼ ਲੈ ਕੇ ਇੱਕ ਪੂਰਾ ਚੱਕਰ ਲਗਾ ਕੇ ਆਇਆ। ਦਰਵਾਜ਼ਿਆਂ ਦੇ ਕੋਲ਼ ਦੀ ਖਾਲੀ ਜਗ੍ਹਾ ਤੋਂ ਹੇਠਾਂ ਜ਼ਮੀਨ ਜ਼ਿਆਦਾ ਵਧੀਆ ਨਜ਼ਰ ਆਉਂਦੀ ਸੀ।

ਸਕਰੀਨ 'ਤੇ ਨਕਸ਼ਾ ਦੇਖਣ 'ਤੇ ਲਗਦਾ ਹੈ, ਉਹ ਉੱਤਰੀ ਧਰੁਵ ਦੇ ਨੇੜੇ ਤੋਂ ਗੁਜ਼ਰ ਰਹੇ ਹਨ। ਹੇਠਾਂ ਹਰ ਪਾਸੇ ਚਿੱਟੀ ਬਰਫ਼ ਸੀ, ਜੋ ਸੂਰਜ ਦੀ ਧੁੱਪ ਨਾਲ਼ ਚਮਕ ਕੇ ਅੱਖਾਂ ਨੂੰ ਚੁੰਧਿਆ ਰਹੀ ਸੀ।

'ਲਗਦਾ ਹੈ ਅਸੀਂ ਉੱਤਰੀ ਧਰੁਵ ਦੇ ਕੋਲੋਂ ਦੀ ਗੁਜ਼ਰ ਰਹੇ ਹਾਂ।'

'ਥੱਲੇ ਬਰਫ਼ ਹੀ ਬਰਫ਼ ਨਜ਼ਰ ਆ ਰਹੀ ਹੈ। ਵਾਹ! ਕਿੰਨਾ ਚੰਗਾ ਲੱਗ ਰਿਹਾ ਹੈ। ਮੈਨੂੰ ਬਰਫ਼ 'ਚ ਬਣੀ ਫਰੋਜ਼ਨ ਫਿਲਮ ਯਾਦ ਆ ਰਹੀ ਹੈ।' ਰਾਣੀ ਚਹਿਕ ਰਹੀ ਸੀ।

'ਹਾਂ ਅਸੀਂ ਸੈਂਟਾ ਕਲੌਜ਼' ਦੇ ਦੇਸ਼ ਤੋਂ ਉਡ ਰਹੇ ਹਾਂ।' ਉਸ ਨੇ ਰਾਣੀ ਨੂੰ ਉਕਸਾਉਣ ਲਈ ਮੁਸਕਰਾਉਂਦਿਆਂ ਕਿਹਾ।

'ਵੀਰੇ, ਕੀ ਸੈਂਟਾ ਸੱਚਮੁੱਚ ਹੁੰਦਾ ਹੈ?'

ਰਾਣੀ ਅਜੇ ਵੀ ਸੈਂਟਾ ਨੂੰ ਮੰਨਦੀ ਲਗਦੀ ਸੀ। ਕਾਨਵੈਂਟ ਸਕੂਲ ਵਿੱਚ ਪੜ੍ਹਦੀ ਹੋਣ ਕਰਕੇ, ਹਰ ਸਾਲ ਉਸ ਨੂੰ ਕ੍ਰਿਸਮਸ 'ਤੇ ਗਿਫ਼ਟ ਮਿਲਦੇ ਸਨ, ਜੋ ਕਿ ਉਹ ਕਹਿੰਦੇ ਸਨ ਕਿ ਸੈਂਟਾ ਲੈ ਕੇ ਆਉਂਦਾ ਹੈ।

'ਮੈਨੂੰ ਕੀ ਪਤਾ?' ਉਹ ਉਸਦਾ ਭਰਮ ਤੋੜਨਾ ਨਹੀਂ ਚਾਹੁੰਦਾ ਸੀ।

ਵਾਪਸ ਆ ਕੇ ਉਹ ਮਸ਼ਹੂਰ ਸਾਇੰਸ ਫ਼ਿਕਸ਼ਨ ਫ਼ਿਲਮ 'ਡਿਊਨ' ਦੇਖਣ ਲੱਗ ਪਿਆ। ਉਸ ਨੂੰ ਫ਼ਿਲਮ ਦੀ ਇੰਨੀ ਸਮਝ ਨਹੀਂ ਆ ਹੀ ਸੀ, ਪਰ ਉਹ ਇਹ ਦੇਖ ਰਿਹਾ ਸੀ ਕਿ ਲੋਕ ਮਾਰੂਥਲ ਦੇ ਵਿੱਚ "ਸਪਾਈਸ" ਨਾ ਦਾ ਤੱਤ ਲੱਭਣ ਲਈ ਲੜ ਰਹੇ ਸਨ ਜੋ ਕਿ ਬਹੁਤ ਕੀਮਤੀ ਸੀ ਜੋ ਉਨ੍ਹਾਂ ਨੂੰ ਨਵਜੀਵਨ ਦੇਣ ਲਈ 'ਤੇ ਸਪੇਸ ਸ਼ਿੱਪ ਨੂੰ ਪ੍ਰਕਾਸ਼ ਦੀ ਗਤੀ ਤੋਂ ਵੀ ਤੇਜ਼ ਚਲਾਉਣ ਲਈ ਜ਼ਰੂਰੀ ਸੀ।

ਏਅਰ-ਹੋਸਟੈੱਸ ਇੱਕ ਵਾਰ ਫੇਰ ਖਾਣਾ ਲੈ ਕੇ ਆ ਗਈ। ਹੁਣ ਉਸਦਾ ਖਾਣ ਦਾ ਬਹੁਤਾ ਮਨ ਨਹੀਂ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸਦਾ ਪੇਟ ਜ਼ਿਆਦਾ ਹੀ ਭਰ ਚੁੱਕਾ ਹੈ। ਪਰ ਫੇਰ ਵੀ ਉਸ ਨੇ ਚੌਲ਼ ਤੇ ਮਟਰ ਦੀ ਸਵਾਦਲੀ ਸਬਜ਼ੀ ਖਾ ਹੀ ਲਈ, ਤੇ ਥੋੜਾ ਜਿਹਾ ਜੂਸ ਪੀ ਲਿਆ।

ਆਖਰਕਾਰ ਜਹਾਜ਼ ਕੈਨੇਡਾ ਪਹੁੰਚਣ ਹੀ ਵਾਲ਼ਾ ਸੀ। ਹੇਠਾਂ ਸਮੁੰਦਰ ਵਰਗੀ ਵੱਡੀ ਝੀਲ ਦੇਖ ਕੇ ਉਸ ਨੂੰ ਬਹੁਤ ਵਧੀਆ ਲੱਗ ਰਿਹਾ ਸੀ। ਉਸ ਨੇ ਕੈਨੇਡਾ ਦੀ ਮਹਾਨ ਝੀਲ ਓਨਟੈਰੀਓ ਬਾਰੇ ਪੜ੍ਹਿਆ ਹੋਇਆ ਸੀ, ਤੇ ਹੁਣ ਉਹ

ਆਪਣੀਆਂ ਅੱਖਾਂ ਨਾਲ਼ ਉਸਦੀ ਵਿਸ਼ਾਲਤਾ ਦੇਖ ਰਿਹਾ ਸੀ। ਉਨ੍ਹਾਂ ਦਾ ਜਹਾਜ਼ ਸਵੇਰ ਦੇ ਵੇਲੇ ਸਾਢੇ ਛੇ ਵਜੇ, ਟਰੋਂਟੋ ਏਅਰਪੋਰਟ 'ਤੇ ਉੱਤਰ ਗਿਆ।

ਜਹਾਜ਼ ਤੋਂ ਉੱਤਰ ਕੇ ਉਹ ਇਮੀਗ੍ਰੇਸ਼ਨ ਦੀ ਲਾਈਨ ਵਿੱਚ ਲੱਗ ਪਏ। ਏਅਰਪੋਰਟ ਬਹੁਤ ਹੀ ਸ਼ਾਨਦਾਰ ਤੇ ਆਧੁਨਿਕ ਸੀ। ਹਰ ਇੱਕ ਚੀਜ਼ ਬੜੇ ਹੀ ਸੁੰਦਰ ਤਰੀਕੇ ਨਾਲ਼ ਸਜਾਈ ਹੋਈ ਸੀ। ਇਮੀਗ੍ਰੇਸ਼ਨ ਕਰਵਾ ਕੇ ਤੇ ਬੈਗ ਲੈ ਕੇ ਉਹ ਬਾਹਰ ਆ ਗਏ। ਬਾਹਰ ਦਾ ਦ੍ਰਿਸ਼ ਤਾਂ ਹੋਰ ਵੀ ਖੂਬਸੂਰਤ ਸੀ, ਖੁੱਲ੍ਹਾ ਨੀਲਾ ਅਸਮਾਨ, ਚਿੱਟੇ-ਚਿੱਟੇ ਤਿਤਰਖੰਭੀ ਬੱਦਲ, ਹਰ ਇੱਕ ਚੀਜ਼ ਬਹੁਤ ਹੀ ਸਾਫ਼-ਸੁਥਰੀ ਤੇ ਸ਼ਾਨਦਾਰ ਨਜ਼ਰ ਆ ਰਹੀ ਸੀ। ਉਸ ਦੇ ਚਾਚਾ ਜੀ ਬਾਹਰ ਖੜੇ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਉਹ ਸਾਰਿਆਂ ਨੂੰ ਬੜੇ ਪਿਆਰ ਨਾਲ਼ ਜੱਫੀ ਪਾ ਕੇ ਮਿਲੇ। ਕਾਰ ਵਿੱਚ ਸਾਰਾ ਸਮਾਨ ਉਨ੍ਹਾਂ ਨੇ ਆਪ ਹੀ ਰੱਖਿਆ।

'ਇੱਥੇ ਕੁਲੀ ਆਮ ਨਹੀਂ ਹੁੰਦੇ, ਜੋ ਤੁਹਾਡਾ ਸਮਾਨ ਰੱਖ ਦੇਣ।' ਸਰਬਜੀਤ ਨੇ ਉਨ੍ਹਾਂ ਨੂੰ ਦੱਸਿਆ। ਮਿੰਟੂ ਨੇ ਵੀ ਪੜ੍ਹਿਆ ਹੋਇਆ ਸੀ ਕਿ ਕੈਨੇਡਾ ਵਿੱਚ ਸਾਰੇ ਕੰਮ ਆਪ ਆਪਣੇ ਹੱਥੀਂ ਕਰਨੇ ਪੈਂਦੇ ਹਨ।

ਸਰਬਜੀਤ ਉਸ ਦੇ ਪਿਤਾ ਜੀ ਅਮਰਪ੍ਰੀਤ ਸਿੰਘ ਤੋਂ ਉਮਰ ਵਿੱਚ ਕਾਫ਼ੀ ਛੋਟੇ ਸਨ। ਮਿੰਟੂ ਦੇ ਦਾਦਾ ਜੀ ਤੇ ਦਾਦੀ ਜੀ ਦੇ ਗੁਜ਼ਰ ਜਾਣ ਬਾਅਦ, ਅਮਰਪ੍ਰੀਤ ਨੇ ਹੀ ਸਰਬਜੀਤ ਨੂੰ ਪੜ੍ਹਾਇਆ ਸੀ ਤੇ ਜਦੋਂ ਸਰਬਜੀਤ ਨੇ ਉੱਚੀ ਵਿੱਦਿਆ ਹਾਸਲ ਕਰਨ ਲਈ ਕੈਨੇਡਾ ਜਾਣ ਦੀ ਇੱਛਾ ਜਤਾਈ ਤਾਂ ਅਮਰਪ੍ਰੀਤ ਨੇ ਜ਼ਮੀਨ ਬੈਂਕ ਕੋਲ਼ ਰਹਿਣ ਰੱਖ ਕੇ ਕੈਨੇਡਾ ਜਾਣ ਲਈ ਲੋੜੀਂਦੇ ਪੈਸੇ ਇਕੱਠੇ ਕਰ ਕੇ ਦਿੱਤੇ ਸਨ। ਹੁਣ ਸਰਬਜੀਤ ਨੂੰ ਕੈਨੇਡਾ ਆਇਆਂ ਤਿੰਨ ਸਾਲ ਤੋਂ ਜ਼ਿਆਦਾ ਹੋ ਗਏ ਸਨ, ਤੇ ਉਹ ਉੱਥੇ ਪੱਕਾ ਵੀ ਹੋ ਗਿਆ ਸੀ। ਉਹ ਉੱਚੀ ਪੜ੍ਹਾਈ ਕਰ ਕੇ ਹੁਣ ਉੱਥੇ ਵਧੀਆ ਨੌਕਰੀ ਕਰ ਰਿਹਾ ਸੀ।

'ਹੋਰ ਮਿੰਟੂ ਬੇਟੇ ਕਿਸ ਤਰ੍ਹਾਂ ਹੋ?' ਅਚਾਨਕ ਚਾਚਾ ਜੀ ਦੇ ਬੋਲ ਸੁਣ ਕੇ ਮਿੰਟੂ ਆਪਣੇ ਖ਼ਿਆਲਾਂ ਵਿੱਚੋਂ ਨਿੱਕਲ ਕੇ ਵਾਪਸ ਵਰਤਮਾਨ ਵਿੱਚ ਆਇਆ।

'ਠੀਕ ਹੈ, ਚਾਚਾ ਜੀ। ਕੈਨੇਡਾ ਬਹੁਤ ਸੋਹਣਾ ਦਿਖ ਰਿਹਾ ਹੈ!'

'ਹਾਂ, ਹਾਂ। ਇਹ ਤਾਂ ਕੁਛ ਵੀ ਨਹੀਂ, ਅਜੇ ਤਾਂ ਤੁਹਾਨੂੰ ਹੋਰ ਬਹੁਤ ਸੋਹਣੀਆਂ ਜਗ੍ਹਾ ਦਿਖਾਣੀਆਂ ਹਨ। ਕੈਨੇਡਾ ਦੀ ਸੈਰ ਕਰਾਉਣੀ ਹੈ। ਵੈਲਕਮ ਟੂ ਕੈਨੇਡਾ!'

ਰਾਣੀ ਵੀ ਕੈਨੇਡਾ ਪਹੁੰਚ ਕੇ ਬਹੁਤ ਖ਼ੁਸ਼ ਸੀ।

ਸਰਬਜੀਤ ਨੇ ਉਨ੍ਹਾਂ ਦੇ ਬੈਗ ਵੈਨ ਵਿੱਚ ਰੱਖਦਿਆਂ ਦੱਸਿਆ - 'ਇਹ ਵੈਨ ਮੈਂ ਕਿਰਾਏ ਤੇ ਲੈ ਕੇ ਆਇਆ ਹਾਂ। ਮੇਰੀ ਕਾਰ ਵਿੱਚ ਐਨਾ ਸਮਾਨ ਫਿੱਟ ਨਹੀਂ ਆਉਣਾ ਸੀ।'

ਸਰਬਜੀਤ ਨੇ ਵੈਨ ਆਪਣੇ ਘਰ ਵੱਲ ਨੂੰ ਭਜਾ ਦਿੱਤੀ। ਮਿੰਟੂ ਉੱਚੀਆਂ-ਉੱਚੀਆਂ ਖੂਬਸੂਰਤ ਇਮਾਰਤਾਂ ਤੇ ਸਾਫ਼ ਸੁਥਰਾ ਆਲਾ-ਦੁਆਲਾ ਹੈਰਾਨੀ ਨਾਲ਼ ਦੇਖ ਰਿਹਾ ਸੀ! ਸੜਕ 'ਤੇ ਟ੍ਰੈਫ਼ਿਕ ਹੋਣ ਦੇ ਬਾਵਜੂਦ ਵੀ ਵਾਹਨਾਂ ਦੇ ਧੂਏਂ ਦਾ ਪ੍ਰਦੂਸ਼ਣ ਨਹੀਂ ਦਿਖ ਸੀ।

ਮਿਨੀ ਵੈਨ ਇੱਕ ਸ਼ਾਨਦਾਰ ਅਪਰਟਮੈਂਟ ਕੰਪਲੈਕਸ ਦੇ ਸਾਹਮਣੇ ਰੁਕੀ। ਸਰਬਜੀਤ ਨੇ ਉਨ੍ਹਾਂ ਨੂੰ ਉੱਤਰਨ ਲਈ ਕਿਹਾ ਤੇ ਆਪ ਸਮਾਨ ਉਤਾਰਨ ਲੱਗ ਪਿਆ। ਅਮਰਪ੍ਰੀਤ ਤੇ ਮਿੰਟੂ ਉਸਦੀ ਮਦਦ ਕਰਨ ਲੱਗੇ। ਫੇਰ ਸਰਬਜੀਤ ਵੈਨ ਪਾਰਕ ਕਰਨ ਚਲਿਆ ਗਿਆ।

ਉਦੋਂ ਤੱਕ ਮਿੰਟੂ ਆਲਾ-ਦੁਆਲਾ ਦੇਖਣ ਲੱਗਿਆ। ਬਹੁਤ ਹੀ ਖੂਬਸੂਰਤ ਇਮਾਰਤਾਂ ਸਨ, ਆਸ-ਪਾਸ ਬਹੁਤ ਹੀ ਸੋਹਣੇ ਤੇ ਹਰੇ-ਭਰੇ ਰੁੱਖ ਕਿਸੇ ਪੇਂਟਿੰਗ ਵਰਗਾ ਦ੍ਰਿਸ਼ ਸਿਰਜ ਰਹੇ ਸਨ! ਮਿੱਠੀ-ਮਿੱਠੀ ਧੁੱਪ ਚੜ੍ਹ ਰਹੀ ਸੀ ਤੇ ਕੂਲੀ ਹਵਾ ਵਗ ਰਹੀ ਸੀ।

'ਪਿਤਾ ਜੀ, ਦੇਖੋ ਕਿੰਨੀ ਸੋਹਣੀ ਥਾਂ ਹੈ?'

'ਹਾਂ, ਬੇਟੇ ਧਰਤੀ ਤੇ ਜੇ ਕਿਤੇ ਸਵਰਗ ਹੈ ਤਾਂ ਇੱਥੇ ਹੀ ਹੈ!' ਅਮਰਪ੍ਰੀਤ ਵੀ ਬਹੁਤ ਪ੍ਰਭਾਵਿਤ ਲੱਗ ਰਿਹਾ ਸੀ।

'ਅਸੀਂ ਕਿੰਨੇ ਖ਼ੁਸ਼-ਕਿਸਮਤ ਹਾਂ। ਜੋ ਛੁੱਟੀਆਂ ਮਨਾਉਣ ਇੱਥੇ ਆਏ ਹਾਂ।' ਰਾਣੀ ਚਹਿਕਦਿਆਂ ਬੋਲੀ।

'ਹਾਂ, ਬੇਟੇ ਸਭ ਤੇਰੇ ਚਾਚਾ ਜੀ ਦੀ ਬਦੌਲਤ।' ਪ੍ਰੀਤੀ ਕਾਰ ਪਾਰਕ ਕਰਕੇ ਆਉਂਦੇ ਸਰਬਜੀਤ ਨੂੰ ਦੇਖਦਿਆਂ ਬੋਲੀ।

'ਨਹੀਂ, ਭਾਬੀ ਜੀ। ਇਹ ਤਾਂ ਸਭ ਭਾਜੀ ਤੇ ਤੁਹਾਡੀ ਬਦੌਲਤ ਹੀ ਹੈ ਕਿ ਮੈਂ ਇੱਥੇ ਤੱਕ ਪਹੁੰਚ ਸਕਿਆ। ਆਓ ਹੁਣ ਉੱਪਰ ਚਲੀਏ।'

ਜਿਸ ਇਮਾਰਤ ਵਿੱਚ ਸਰਬਜੀਤ ਦਾ ਅਪਾਰਟਮੈਂਟ ਸੀ, ਉਹ ਦਸ ਮੰਜ਼ਲਾਂ ਸੀ। ਸਰਬਜੀਤ ਦਾ ਅਪਾਰਟਮੈਂਟ ਚੌਥੀ ਮੰਜ਼ਲ 'ਤੇ ਸੀ। ਲਿਫ਼ਟ ਰਾਹੀਂ ਸਮਾਨ ਲੈ ਕੇ ਉਹ ਚੌਥੀ ਮੰਜ਼ਲ 'ਤੇ ਪਹੁੰਚੇ।

ਅਪਾਰਟਮੈਂਟ ਬਹੁਤ ਹੀ ਸਜਿਆ ਹੋਇਆ ਤੇ ਸਾਫ਼-ਸੁਥਰਾ ਸੀ। ਸੁੰਦਰ ਅਪਾਰਟਮੈਂਟ ਦੇਖ ਕੇ ਉਨ੍ਹਾਂ ਦੀ ਅੱਖਾਂ ਅੱਡੀਆਂ ਰਹਿ ਗਈਆਂ!

'ਇਸਤੋਂ ਵਧੀਆ ਇੱਥੇ ਹੋਰ ਕੋਈ ਅਪਾਰਟਮੈਂਟ ਨਹੀਂ ਹੋਣਾ।' ਮਿੰਟੂ ਨੇ ਸੋਚਿਆ। ਹਰ ਇੱਕ ਚੀਜ਼ ਬੜੇ ਸਲੀਕੇ ਨਾਲ਼ ਸਜਾਈ ਹੋਈ ਸੀ। ਅਪਾਰਟਮੈਂਟ ਵਿੱਚ ਦੋ ਬੈੱਡਰੂਮ, ਲਿਵਿੰਗ ਰੂਮ (ਬੈਠਕ), ਰਸੋਈ ਤੇ ਦੋ ਬਾਥਰੂਮ ਸਨ।

ਇੱਕ ਬੈੱਡਰੂਮ ਵਿੱਚ ਸਮਾਨ ਰੱਖ ਕੇ ਉਹ ਬੈਠਕ ਵਿੱਚ ਆ ਕੇ ਬੈਠ ਗਏ। ਸਰਬਜੀਤ ਨੇ ਵੱਡੇ ਸਾਰੇ ਬਿਜਲਈ-ਸਟੋਵ 'ਤੇ ਚਾਹ ਬਣਾਉਣੀ ਰੱਖ ਦਿੱਤੀ। ਪਰ ਪ੍ਰੀਤੀ ਨੇ ਆਉਂਦਿਆਂ ਹੀ ਰਸੋਈ ਸੰਭਾਲ ਲਈ।

'ਸਰਬਜੀਤ, ਹੁਣ ਰਸੋਈ ਦੀ ਜ਼ਿੰਮੇਵਾਰੀ ਮੇਰੀ। ਦੋ ਮਹੀਨੇ ਹੁਣ ਤੈਨੂੰ ਰਸੋਈ ਦਾ ਕੋਈ ਕੰਮ ਕਰਨ ਦੀ ਲੋੜ ਨਹੀਂ।'

'ਠੀਕ ਹੈ ਭਾਬੀ ਜੀ। ਆਹ ਸਾਰਾ ਸਮਾਨ ਇੱਥੇ ਪਿਆ ਹੈ।' ਸਰਬਜੀਤ ਨੇ ਕੈਬਿਨੇਟ ਵੱਲ ਇਸ਼ਾਰਾ ਕਰਦਿਆਂ ਕਿਹਾ।

ਚਾਹ ਪੀਂਦਿਆਂ ਸਰਬਜੀਤ ਨੇ ਦੱਸਿਆ - 'ਇਹ ਅਪਾਰਟਮੈਂਟ ਮੈਂ ਸਿਰਫ਼ ਦੋ ਮਹੀਨੇ ਲਈ ਹੀ ਤੁਹਾਡੇ ਰਹਿਣ ਲਈ ਕਿਰਾਏ 'ਤੇ ਲਿਆ ਹੈ। ਮੈਂ ਤਾਂ ਆਪਣੇ ਦੋਸਤਾਂ ਨਾਲ਼ ਇੱਕ ਹੋਰ ਜਗ੍ਹਾ ਰਹਿੰਦਾ ਸੀ, ਤੇ ਕਿਰਾਇਆ ਵੰਡਣ ਨਾਲ਼ ਕਾਫ਼ੀ ਬੱਚਤ ਵੀ ਹੋ ਜਾਂਦੀ ਸੀ।'

'ਚੰਗਾ, ਤੇਰਾ ਬਹੁਤ-ਬਹੁਤ ਧੰਨਵਾਦ।' ਅਮਰਪ੍ਰੀਤ ਨੇ ਕਿਹਾ।

ਥੋੜ੍ਹੀ ਦੇਰ ਬਾਅਦ ਉਹ ਨਹਾ-ਧੋ ਕੇ ਤਜ਼ਾਦਮ ਹੋ ਗਏ। ਪਰ ਉਨ੍ਹਾਂ ਤੋਂ ਰੁਕਿਆ ਨਾ ਗਿਆ ਤੇ ਉਹ ਸਾਰੇ ਜਣੇ ਸੌਂ ਗਏ। ਲੰਮੇ ਸਫ਼ਰ ਕਰਕੇ ਉਹ ਬਹੁਤ ਥੱਕੇ ਹੋਏ ਸਨ ਤੇ ਉਨ੍ਹਾਂ ਨੂੰ ਜੈਟ-ਲੈਗ ਵੀ ਹੋਇਆ ਹੋਇਆ ਸੀ, ਜਿਸ ਨਾਲ਼ ਜਹਾਜ਼ ਵਿੱਚ ਸਫ਼ਰ ਕਰਕੇ, ਸਮਾਂ ਤੇ ਥਾਂ ਬਦਲਣ ਨਾਲ਼ ਬੇਵਕਤੀ ਨੀਂਦ ਆਉਂਦੀ ਹੈ।

ਸਰਬਜੀਤ ਆਪਣੇ ਕੰਮ 'ਤੇ ਚਲਿਆ ਗਿਆ ਸੀ।

ਇੱਕ-ਦੋ ਦਿਨ ਚੰਗਾ ਅਰਾਮ ਕਰਨ ਨਾਲ਼ ਉਨ੍ਹਾਂ ਦੀ ਥਕਾਵਟ ਲਹਿ ਗਈ। ਸਰਬਜੀਤ ਦੀ ਸਲਾਹ 'ਤੇ ਹੁਣ ਉਹ ਦਿਨ ਵੇਲੇ ਨਹੀਂ ਸੀ ਸੌਂਦੇ ਤੇ ਕੈਨੇਡਾ ਦੇ ਸਮੇਂ ਦੇ ਅਨੁਕੂਲ ਹੋ ਰਹੇ ਸਨ। ਅਮਰਪ੍ਰੀਤ ਨੇ ਵੀ ਕੰਮ 'ਤੇ ਜਾਣਾ ਸ਼ੁਰੂ ਕਰ ਦਿੱਤਾ ਸੀ। ਸਰਬਜੀਤ ਨੇ ਜਹਾਜ਼ ਦੀਆਂ ਟਿਕਟਾਂ ਤੇ ਅਪਾਰਟਮੈਂਟ ਦਾ ਕਿਰਾਇਆ ਪੂਰਾ ਕਰਨ ਲਈ, ਪਹਿਲਾਂ ਹੀ ਆਪਣੇ ਇੱਕ ਜਾਣਕਾਰ ਨਾਲ਼ ਗੱਲ ਕੀਤੀ ਹੋਈ ਸੀ ਤੇ ਅਮਰਪ੍ਰੀਤ ਨੂੰ ਇੱਕ ਗੈਸ-ਸਟੇਸ਼ਨ 'ਤੇ ਲਗਾ ਦਿੱਤਾ ਸੀ। ਅਮਰਪ੍ਰੀਤ ਖੁੱਲ੍ਹੀ-ਵਿੱਚਾਰਧਾਰਾ ਵਾਲਾ ਸੀ, ਦਸਾਂ-ਨਹੁੰਆਂ ਦੀ ਕਿਰਤ ਵਿੱਚ ਯਕੀਨ ਰੱਖਦਾ ਸੀ, ਤੇ ਕਿਸੇ ਵੀ ਕੰਮ ਨੂੰ ਉੱਚਾ-ਨੀਵਾਂ ਨਹੀਂ ਸਮਝਦਾ ਸੀ।

'ਬਾਹਰਲੇ ਦੇਸ਼ਾਂ ਵਿੱਚ ਹਰੇਕ ਵਿਅਕਤੀ ਨੂੰ ਕੰਮ ਕਰਨਾ ਪੈਂਦਾ ਹੈ, ਕੋਈ ਵੀ ਵਿਹਲਾ ਨਹੀਂ ਬੈਠਦਾ।' ਉਸ ਨੇ ਮਿੰਟੂ ਨੂੰ ਦੱਸਿਆ।

ਮਿੰਟੂ ਦਾ ਮਨ ਕਰਿਆ ਕਿ ਕਾਸ਼ ਉਹ ਵੀ ਕੋਈ ਕੰਮ ਕਰ ਸਕਦਾ!

*****

ਸ਼ਨੀਵਾਰ ਛੁੱਟੀ ਵਾਲ਼ੇ ਦਿਨ ਉਨ੍ਹਾਂ ਨੇ ਘੁੰਮਣ ਦਾ ਪ੍ਰੋਗਰਾਮ ਬਣਾਇਆ।

'ਸਭ ਤੋਂ ਪਹਿਲਾਂ ਤੁਸੀਂ ਵੰਡਰਲੈਂਡ ਐਮਯੂਜ਼ਮੈਂਟ ਪਾਰਕ ਘੁੰਮਣਾ ਚਾਹੁੰਦੇ ਹੋ ਜਾਂ ਟਰੋਂਟੋ ਸ਼ਹਿਰ ਦੀ ਸੈਰ ਕਰਨਾ ਚਾਹੁੰਦੇ ਹੋ?' ਸਰਬਜੀਤ ਨੇ ਪੁੱਛਿਆ।

'ਵੰਡਰਲੈਂਡ!' ਮਿੰਟੂ ਤੇ ਰਾਣੀ ਦੋਵੇਂ ਇਕੱਠੇ ਚੀਕੇ।

ਬੱਚਿਆਂ ਨੂੰ ਤਾਂ ਹਰ ਵੇਲੇ ਅਨੰਦਮਈ ਅਨੁਭਵ ਹੀ ਚਾਹੀਦੇ ਹਨ।

'ਠੀਕ ਹੈ!' ਸਰਬਜੀਤ ਨੇ ਕਿਹਾ।

ਮਿੰਟੂ ਤੇ ਰਾਣੀ ਭੱਜ ਕੇ ਕਾਰ ਵਿੱਚ ਬੈਠ ਗਏ। ਸਰਬਜੀਤ ਉਨ੍ਹਾਂ ਸਾਰਿਆਂ ਨੂੰ ਕੈਨੇਡਾ ਦੇ ਵੰਡਰਲੈਂਡ ਐਮਯੂਜ਼ਮੈਂਟ ਪਾਰਕ ਵਿੱਚ ਲੈ ਗਿਆ, ਜੋ ਕਿ ਉਨ੍ਹਾਂ ਦੇ ਘਰ ਤੋਂ ਸਿਰਫ਼ ਅੱਧੇ ਕੁ ਘੰਟੇ ਦਾ ਹੀ ਰਸਤਾ ਸੀ।

ਵੰਡਰਲੈਂਡ ਕੈਨੇਡਾ ਦੀ ਸਭ ਤੋਂ ਵੱਡੀ ਐਮਯੂਜ਼ਮੈਂਟ ਪਾਰਕ ਸੀ, ਜਿੱਥੇ ਬੱਚਿਆਂ ਤੇ ਵੱਡਿਆਂ ਲਈ ਝੂਲੇ, ਹਿੰਡੋਲ, ਰੋਲਰ-ਕੋਸਟਰ, ਤੇ ਪਾਣੀ ਦੀ ਪਾਰਕ ਵੀ ਸੀ, ਜੋ ਕਿ ਪਰਿਵਾਰਕ ਮਨਪਰਚਾਵੇ ਤੇ ਝੂਲਿਆਂ ਦਾ ਅਨੰਦ ਲੈਣ ਲਈ ਬਹੁਤ ਹੀ ਰੋਮਾਂਚਕ ਜਗ੍ਹਾ ਸੀ! ਹਰ ਪਾਸੇ ਉਨ੍ਹਾਂ ਨੂੰ ਪੰਜਾਬੀ ਬੱਚੇ ਤੇ ਜਵਾਨ ਜ਼ਿਆਦਾ ਗਿਣਤੀ ਵਿੱਚ ਨਜ਼ਰ ਆਏ।

'ਇਵੇਂ ਲੱਗ ਰਿਹਾ ਹੈ ਕਿ ਅਸੀਂ ਪੰਜਾਬ ਦੇ ਕਿਸੇ ਪਾਰਕ ਵਿੱਚ ਆ ਗਏ ਹੋਈਏ!' ਮਿੰਟੂ ਨੇ ਕਿਹਾ।

'ਹਾਂ, ਇੱਥੇ ਪੰਜਾਬੀ ਵਸੋਂ ਬਹੁਤ ਜ਼ਿਆਦਾ ਹੈ।' ਸਰਬਜੀਤ ਨੇ ਦੱਸਿਆ।

ਮਿੰਟੂ ਤੇ ਰਾਣੀ ਨੇ ਸਾਰੇ ਝੂਲੇ, ਰੋਲਰ-ਕੋਸਟਰ ਤੇ ਰਾਈਡਾਂ ਦਾ ਬਹੁਤ ਮਜ਼ਾ ਲਿਆ। ਰਾਈਡਾਂ ਤੇ ਚੱਕਰ ਕੱਟਦੇ ਹੋਏ ਉਨ੍ਹਾਂ ਦੇ ਮਨ ਤੇ ਪੇਟ ਵਿੱਚ ਵੀ ਚੱਕਰ ਆਉਣ ਲੱਗ ਪਏ। ਸਰਬਜੀਤ, ਅਮਰਪ੍ਰੀਤ, ਤੇ ਪ੍ਰੀਤੀ ਨੇ ਸਿਰਫ਼ ਕੁਝ ਕੁ ਹੀ ਰਾਈਡਾਂ ਦਾ ਅਨੰਦ ਮਾਣਿਆ। ਪੂਰੇ ਪਰਿਵਾਰ ਦਾ ਇੰਝ ਇਕੱਠਿਆਂ ਮਨਪ੍ਰਚਾਵਾ ਕਰਨਾ ਬਹੁਤ ਹੀ ਸੁੱਖਮਈ ਅਨੁਭਵ ਸੀ!

ਮਿੰਟੂ ਨੂੰ ਸਭ ਤੋਂ ਜ਼ਿਆਦਾ 'ਥੰਡਰ ਰਨ (Thunder Run)' ਰੋਲਰ-ਕੋਸਟਰ ਬਹੁਤ ਵਧੀਆ ਲੱਗਿਆ। ਜੋ ਕਿ ਇੱਕ ਨਕਲੀ ਪਹਾੜੀ ਦੇ ਵਿੱਚ ਬਣਾਇਆ ਹੋਇਆ ਸੀ। ਉਹ ਬੜਾ ਹੀ ਸਨਸਨੀਖੇਜ਼ ਤੇ ਸਭ ਤੋਂ ਅੱਲਗ ਸੀ ਕਿਉਂਕਿ ਜਦੋਂ ਉਹ ਪਹਾੜੀ ਦੇ ਅੰਦਰ ਗਿਆ ਤਾ ਇੱਕ ਦਮ ਹਨੇਰਾ ਹੋ ਗਿਆ ਸੀ, ਜਿਸ ਨਾਲ਼ ਉਨ੍ਹਾਂ ਦੀ ਉਤਸੁਕਤਾ ਤੇ ਰੋਮਾਂਚ ਚੌਗਣਾ ਹੋ ਗਿਆ ਸੀ!

ਉਂਝ ਭਾਵੇਂ ਕਾਫ਼ੀ ਗਰਮੀ ਸੀ ਪਰ ਫੇਰ ਵੀ ਮੌਸਮ ਬਹੁਤ ਵਧੀਆ ਸੀ। ਪੰਜਾਬ ਦੀ ਗਰਮੀ ਨਾਲ਼ੋਂ ਤਾਂ ਇੱਥੋਂ ਦੀ ਗਰਮੀ ਘੱਟ ਸੀ ਪਰ ਧੁੱਪ ਬਹੁਤ ਤਿੱਖੀ ਸੀ। ਅਚਾਨਕ ਬੜੇ ਤੇਜ਼ ਦੀ ਮੀਂਹ ਪੈਣਾ ਸ਼ੁਰੂ ਹੋ ਗਿਆ ਤੇ ਸਭ ਰਾਈਡਾਂ ਬੰਦ ਹੋ ਗਈਆਂ। ਭਿੱਜਣ ਤੋਂ ਬਚਣ ਲਈ ਉਹ ਇੱਕ ਦੁਕਾਨ ਦੇ ਅੰਦਰ ਚਲੇ ਗਏ ਤੇ ਕੁਝ ਖਾਣ-ਪੀਣ ਲੱਗ ਪਏ। ਕਿੰਨੀ ਦੇਰ ਮੀਂਹ ਪੈਂਦਾ ਰਿਹਾ।

'ਇੱਥੋਂ ਦੇ ਬਸ਼ਿੰਦਿਆਂ ਵਾਂਗੂੰ ਇੱਥੋਂ ਦੀ ਧਰਤੀ ਵੀ ਗਰਮੀ ਨਹੀਂ ਝੱਲਦੀ। ਜਿੱਦਣ ਕਦੇ ਵੀ ਬਹੁਤੀ ਗਰਮੀ ਹੋਵੇ ਤਾਂ ਝੱਟ ਹੀ ਮੀਂਹ ਵੀ ਪੈਣ ਲੱਗ ਜਾਂਦਾ ਹੈ।' ਸਰਬਜੀਤ ਉਨ੍ਹਾਂ ਨੂੰ ਦੱਸ ਰਿਹਾ ਸੀ।

ਚਾਹ-ਪਾਣੀ ਪੀਣ ਤੋਂ ਬਾਅਦ ਸਰਬਜੀਤ ਨੇ ਸਲਾਹ ਦਿੰਦਿਆਂ ਕਿਹਾ - 'ਜਦ ਤੱਕ ਮੀਂਹ ਪੈਂਦਾ ਹੈ, ਅਸੀਂ ਅੰਦਰ ਕੋਈ ਸ਼ੋਅ ਦੇਖਣੇ ਚੱਲਦੇ ਹਨ। ਪਾਰਕ ਵਿੱਚ ਬਹੁਤ ਸਾਰੇ ਲਾਈਵ ਸ਼ੋਅ ਵੀ ਹੁੰਦੇ ਸੀ। ਉਹ ਇੱਕ ਸਰਕਸ ਦੇਖਣ ਵਿੱਚ ਰੁੱਝ ਗਏ, ਬਹੁਤ ਹੀ ਵਧੀਆ ਸਰਕਸ ਸੀ ਜਿਸ ਵਿੱਚ ਬਾਜ਼ੀਗਰ ਬਹੁਤ ਹੀ ਸੋਹਣੀ ਬਾਜ਼ੀ ਪਾ ਰਹੇ ਸਨ। ਘੰਟੇ ਕੁ ਬਾਅਦ ਜਦੋਂ ਉਹ ਸਰਕਸ ਦੇਖ ਕੇ ਬਾਹਰ ਆਏ ਤਾਂ ਮੀਂਹ ਥੱਮ ਚੁੱਕਿਆ ਸੀ। ਪਰ ਹਲਕੀ-ਹਲਕੀ ਕਿਣਮਿਣ ਹੋ ਰਹੀ ਸੀ। ਅਜੇ ਕੋਈ ਵੀ ਰਾਈਡਾਂ ਨਹੀਂ ਸੀ ਚੱਲ ਰਹੀਆਂ।

ਉਹ ਥੋੜ੍ਹੀ ਦੇਰ ਠੰਡੀ ਫ਼ੁਹਾਰ ਦੇ ਵਿੱਚ ਘੁੰਮਦੇ ਰਹੇ। ਉਸਤੋਂ ਬਾਅਦ ਕਾਰ ਰੇਸ ਰਾਈਡ ਸ਼ੁਰੂ ਹੋ ਗਈ, ਜੋ ਕਿ ਸਚਮੁਚ ਦੀ ਮਿਨੀ ਰੇਸ ਕਾਰ ਸੀ। ਉਨ੍ਹਾਂ ਸਾਰਿਆਂ ਨੇ ਉਸਦਾ ਬਹੁਤ ਅਨੰਦ ਮਾਣਿਆ। ਕਾਰਾਂ ਰੇਸ ਕੋਰਸ 'ਤੇ

ਚੱਲਦੇ ਹੋਏ ਇੱਕ ਦੂਜੇ ਨਾਲ਼ ਟਕਰਾਉਂਦੀਆਂ ਵੀ ਸਨ। ਅਸਲੀ ਜੇਤੂ ਓਹੀ ਸੀ ਜੋ ਬਚਦੇ ਹੋਏ ਆਪਣੀ ਕਾਰ ਅੱਗੇ ਲੈ ਜਾਏ!

ਸ਼ਾਮ ਪੈ ਚੁੱਕੀ ਸੀ ਤੇ ਹਨੇਰਾ ਹੋਣਾ ਸ਼ੁਰੂ ਹੋ ਗਿਆ ਸੀ। ਉਹ ਹੱਸਦੇ-ਖੇਡਦੇ ਘਰ ਵਾਪਸ ਆਏ। ਮਿੰਟੂ ਤੇ ਰਾਣੀ ਬਹੁਤ ਖ਼ੁਸ਼ ਸਨ ਤੇ ਪੂਰੇ ਰਸਤੇ ਝੂਲਿਆਂ ਦੇ ਬਾਰੇ ਗੱਲਾਂ ਕਰਦੇ ਰਹੇ। ਰਾਣੀ ਨੂੰ ਰੇਸ ਕਾਰ ਬਹੁਤ ਵਧੀਆ ਲੱਗੀ ਸੀ!

'ਵੀਰੇ, ਤੈਨੂੰ ਕਿਹੜੀ ਰਾਈਡ ਚੰਗੀ ਲੱਗੀ?'

'ਮੈਨੂੰ ਤਾਂ ਥੰਡਰ ਰਨ ਵਧੀਆ ਲੱਗੀ, ਤੈਨੂੰ?'

'ਮੈਨੂੰ ਤਾਂ ਰੇਸ ਕਾਰ ਬਹੁਤ ਵਧੀਆ ਲੱਗੀ। ਥੰਡਰ ਰਨ ਵਿੱਚ ਤਾਂ ਮੈਨੂੰ ਬੜਾ ਡਰ ਲੱਗਿਆ।'

ਦੂਜੇ ਦਿਨ ਐਤਵਾਰ ਨੂੰ ਉਹ ਗੁਰਦਵਾਰਾ ਸਾਹਿਬ ਮੱਥਾ ਟੇਕਣ ਗਏ। ਗੁਰਦਵਾਰਾ ਸਾਹਿਬ ਦੀ ਇਮਾਰਤ ਬਹੁਤ ਹੀ ਸ਼ਾਨਦਾਰ ਸੀ ਤੇ ਦੇਖਣ ਨੂੰ ਬਿਲਕੁਲ ਪੰਜਾਬ ਦੇ ਗੁਰਦਵਾਰਿਆਂ ਵਰਗੀ ਸੀ। ਉਨ੍ਹਾਂ ਨੇ ਪਾਠ ਤੇ ਸ਼ਬਦ-ਕੀਰਤਨ ਸੁਣਨ ਤੋਂ ਬਾਅਦ ਗੁਰੂ ਕਾ ਲੰਗਰ ਛਕਿਆ। ਉਸਤੋਂ ਬਾਅਦ ਉਨ੍ਹਾਂ ਨੇ ਕੁਝ ਸਮਾਂ ਗੁਰਦਆਰੇ ਦੀ ਲਾਇਬ੍ਰੇਰੀ ਵਿੱਚ ਬਿਤਾਇਆ। ਬਹੁਤ ਸਾਰੀਆਂ ਕਿਤਾਬਾਂ ਮੁਫ਼ਤ ਸਨ, ਮਿੰਟੂ ਨੇ ਆਪਣੀ ਤੇ ਰਾਣੀ ਦੀ ਪਸੰਦ ਦੇ ਸਿੱਖ ਕਾਮਿਕਸ ਤੇ ਹੋਰ ਕਿਤਾਬਾਂ ਪੜ੍ਹਨ ਲਈ ਲਈਆਂ। ਉਸ ਦੇ ਮਾਤਾ ਜੀ ਨੇ ਵੀ ਆਪਣੇ ਲਈ ਕੁਝ ਕੁ ਕਿਤਾਬਾਂ ਲਈਆਂ।

ਅਗਲੇ ਹਫ਼ਤੇ ਉਹ ਦਿਨ ਭਰ ਘਰ ਹੀ ਰਹੇ ਕਿਉਂਕਿ ਸਰਬਜੀਤ ਤੇ ਅਮਰਪ੍ਰੀਤ ਦੋਵੇਂ ਕੰਮ 'ਤੇ ਚਲੇ ਜਾਂਦੇ ਸਨ। ਮਿੰਟੂ ਤੇ ਰਾਣੀ ਖੂਬ ਟੀਵੀ ਦੇਖ ਰਹੇ ਸਨ। ਜਾਂ ਫੇਰ ਮਿੰਟੂ ਆਪਣੇ ਨਾਲ਼ ਲਿਆਂਦੀਆਂ ਕਿਤਾਬਾਂ ਪੜ੍ਹ ਲੈਂਦਾ ਸੀ। ਸ਼ਾਮ ਨੂੰ ਉਹ ਬਾਹਰ ਸੈਰ ਕਰਨ ਚਲੇ ਜਾਂਦੇ ਸਨ। ਉਨ੍ਹਾਂ ਨੂੰ ਹੋਰ ਬਹੁਤ ਸਾਰੇ ਪੰਜਾਬੀ ਲੋਕ ਤੇ ਪਰਿਵਾਰ ਮਿਲਦੇ ਸਨ - ਇੰਝ ਲਗਦਾ ਸੀ ਜਿਵੇਂ ਕਿ ਮਿੰਨੀ ਪੰਜਾਬ ਹੋਵੇ!

*****

ਅਗਲੇ ਹਫ਼ਤੇ ਉਨ੍ਹਾਂ ਨੇ ਨਿਆਗਰਾ ਫ਼ਾਲਜ਼ ਘੁੰਮਣ ਦਾ ਪ੍ਰੋਗਰਾਮ ਬਣਾਇਆ। ਨਿਆਗਰਾ ਫ਼ਾਲਜ਼ ਉੱਥੋਂ ਤਕਰੀਬਨ  ਡੇਢ-ਦੋ ਕੁ ਘੰਟੇ ਦਾ ਰਸਤਾ ਸੀ। ਸਰਬਜੀਤ ਕਾਰ ਚਲਾ ਰਿਹਾ ਸੀ। ਉਹ ਸਾਰੇ ਬਾਹਰ ਸੜਕ ਤੇ ਆਉਂਦੇ ਜਾਂਦੇ ਸ਼ਹਿਰਾਂ ਵੱਲ ਵੇਖ ਰਹੇ ਸਨ, ਜੋ ਕਿ ਬਹੁਤ ਹੀ ਖੂਬਸੂਰਤ ਸਨ। ਸੁੰਦਰ ਉੱਚੀਆਂ ਇਮਾਰਤਾਂ ਦੀ ਸ਼ੋਭਾ ਦੇਖਣ ਵਾਲ਼ੀ ਸੀ। ਬਹੁਤ ਸਾਰੇ ਮਾਲ, ਹੋਟਲ ਤੇ ਮਲਟੀ-ਨੈਸ਼ਨਲ ਕੰਪਨੀਆਂ ਦੀਆਂ ਇਮਾਰਤਾਂ ਸਨ। ਪਰ ਜਿਵੇਂ ਹੀ ਉਹ ਨਿਆਗਰਾ ਫ਼ਾਲਜ਼ ਦੇ ਨੇੜੇ ਪਹੁੰਚ ਰਹੇ ਸਨ, ਆਸਪਾਸ ਦਾ ਦ੍ਰਿਸ਼ ਕੁਦਰਤ ਦੀ ਹਰਿਆਲੀ ਵਿੱਚ ਬਦਲ ਰਿਹਾ ਸੀ। ਸੜਕ ਦੇ ਨਾਲ਼ ਨਾਲ਼ ਮਹਾਨ ਓਨਟੈਰੀਓ ਝੀਲ ਕਿਸੇ ਸਮੁੰਦਰ ਵਾਂਗ ਦਿਖਾਈ ਦੇ ਰਹੀ ਸੀ।

'ਦੇਖੋ, ਕਿੰਨੀ ਵੱਡੀ ਝੀਲ ਹੈ!' ਮਿੰਟੂ ਨੇ ਕਿਹਾ।

'ਹਾਂ, ਇਸੇ ਝੀਲ ਵਿੱਚ ਹੀ ਨਿਆਗਰਾ ਫ਼ਾਲਜ਼ ਦਾ ਪਾਣੀ ਜਾਂਦਾ ਹੈ, ਜੋ ਕਿ ਇੱਕ ਹੋਰ ਵੱਡੀ ਝੀਲ ਈਰੀ ਵਿੱਚੋਂ ਆਉਂਦਾ ਹੈ।' ਸਰਬਜੀਤ ਨੇ ਦੱਸਿਆ।

ਤਦ ਤੱਕ ਉਹ ਨਿਆਗਰਾ ਫ਼ਾਲਜ਼ ਸ਼ਹਿਰ ਵਿੱਚ ਪਹੁੰਚ ਗਏ ਸਨ। ਦੂਰ ਵਿਸ਼ਾਲ ਆਬਸ਼ਾਰ (ਝਰਨੇ) ਨਜ਼ਰ ਆ ਰਹੇ ਸਨ, ਜਿਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ।

'ਇੰਨੇ ਵੱਡੇ ਝਰਨੇ!' ਰਾਣੀ ਨੇ ਖ਼ੁਸ਼ੀ ਨਾਲ਼ ਚੀਕ ਕੇ ਕਿਹਾ।

'ਹਾਂ, ਕੋਲ਼ ਜਾ ਕੇ ਤਾਂ ਹੋਰ ਵੀ ਵੱਡੇ ਨਜ਼ਰ ਆਉਣਗੇ। ਬੱਸ ਮੈਂ ਕਾਰ ਖੜ੍ਹੀ ਕਰਦਾ ਹਾਂ, ਫੇਰ ਅਸੀਂ ਕੋਲ਼ੋਂ ਜਾ ਕੇ ਵੇਖਾਂਗੇ।' ਸਰਬਜੀਤ ਨੇ ਆਪਣੀ ਕਾਰ ਪਾਰਕਿੰਗ ਵੱਲ ਨੂੰ ਮੋੜਦਿਆਂ ਕਿਹਾ।

ਉਹ ਕਾਰ ਪਾਰਕ ਕਰਕੇ ਬਾਹਰ ਆ ਗਏ ਤੇ ਸੜਕ ਪਾਰ ਕਰਕੇ ਝਰਨਿਆਂ ਦੇ ਬਿਲਕੁਲ ਸਾਹਮਣੇ ਆ ਗਏ।

'ਓਹ, ਠੰਡੀ-ਠੰਡੀ ਫ਼ੁਹਾਰ ਜਿਵੇਂ ਗੁਦਗੁਦੀ ਕਰ ਰਹੀ ਹੈ!' ਰਾਣੀ ਡਿਗਦੇ ਝਰਨਿਆਂ ਵਿੱਚੋਂ ਮੀਂਹ ਵਾਂਗ ਬਰਸ ਰਹੀ ਫ਼ੁਹਾਰ ਨਾਲ਼ ਭਿੱਜਦੀ ਹੋਈ ਬਹੁਤ ਹੀ ਖ਼ੁਸ਼ ਸੀ। ਮਿੰਟੂ ਵੀ ਬਹੁਤ ਹੈਰਾਨ ਤੇ ਖ਼ੁਸ਼ ਸੀ। ਅਮਰਪ੍ਰੀਤ ਤੇ ਪ੍ਰੀਤੀ ਵੀ ਇੱਕ ਤਰ੍ਹਾਂ ਦੇ ਵਿਸਮਾਦ ਨਾਲ਼ ਮਹਾਨ ਆਬਸ਼ਾਰਾਂ ਦੇਖ ਰਹੇ ਸੀ।

'ਜਦੋਂ ਵੀ ਮੈਂ ਇੱਥੇ ਆਉਂਦਾ ਹਾਂ, ਮੈਨੂੰ ਅਜੀਬ ਜਿਹਾ ਸੁਕੂਨ ਮਿਲ਼ਦਾ ਹੈ। ਦਿਲ ਵਿੱਚ ਠੰਡ ਪੈ ਜਾਂਦੀ ਹੈ!' ਸਰਬਜੀਤ ਕਹਿ ਰਿਹਾ ਸੀ, ਜੋ ਕਿ ਉੱਥੇ ਕਾਫ਼ੀ ਵਾਰ ਆ ਚੁੱਕਿਆ ਸੀ - 'ਓਹ ਸਾਹਮਣੇ ਦੂਜੇ ਪਾਸੇ ਅਮਰੀਕਾ ਹੈ। ਤੇ ਉਹ ਪੁਲ ਅਮਰੀਕਾ ਨੂੰ ਜਾਂਦਾ ਹੈ, ਜਿਸਨੂੰ ਰੇਨਬੋ (ਸਤਰੰਗੀ ਪੀਂਘ) ਪੁਲ ਕਹਿੰਦੇ ਹਨ। ਮਿੰਟੂ ਕੀ ਤੂੰ ਉੱਥੇ ਸਤਰੰਗੀ ਪੀਂਘ ਲੱਭ ਸਕਦਾ ਏਂ?'`

ਮਿੰਟੂ ਨੇ ਪੁਲ ਵੱਲ ਨੂੰ ਵੇਖਿਆ, ਝਰਨਿਆਂ ਦਾ ਪਾਣੀ ਹੇਠਾਂ ਡਿਗ ਕੇ ਪੁਲ ਤੀਕ ਉਛਾਲੇ ਖਾਂਦਾ ਸੀ। ਪੁਲ ਜੋ ਕਿ ਕਾਫ਼ੀ ਉੱਚਾ ਸੀ, ਤਕਰੀਬਨ 20-25 ਮੰਜ਼ਿਲਾ ਇਮਾਰਤ ਜਿੰਨਾ! ਜਦੋਂ ਸੂਰਜ ਦੀ ਧੁੱਪ ਪਾਣੀ ਦੀ ਫ਼ੁਹਾਰ ਵਿੱਚੋਂ ਅਪਰਵਰਤਿਤ ਹੁੰਦੀ ਹੋਈ ਸੱਤ ਰੰਗਾਂ ਵਿਚ ਟੁੱਟ ਜਾਂਦੀ ਸੀ ਤਾਂ ਉੱਥੇ ਸਤਰੰਗੀ ਪੀਂਘ ਬਣਦੀ ਸੀ।

'ਹਾਂ ਚਾਚਾ ਜੀ, ਮੈਨੂੰ ਸਤਰੰਗੀ ਪੀਂਘ ਦਿੱਖ ਰਹੀ ਹੈ।'

'ਮੈਂ ਵੀ ਦੇਖਣੀ ਹੈ।' ਰਾਣੀ ਬੋਲੀ।

'ਉੱਧਰ ਪੁਲ ਵੱਲ ਨੂੰ ਦੇਖ! ਤੈਨੂੰ ਨਜ਼ਰ ਆਏਗੀ।'

'ਹਾਂ ਵੀਰੇ ਮੈਨੂੰ ਦਿੱਖ ਰਹੀ ਹੈ। ਬਹੁਤ ਹੀ ਸੋਹਣੀ ਸਤਰੰਗੀ ਪੀਂਘ ਹੈ।'

'ਚਲੋ, ਹੁਣ ਅਸੀਂ ਕਿਸ਼ਤੀ ਦੀ ਸੈਰ ਕਰਦੇ ਹਾਂ।' ਸਰਬਜੀਤ ਨੇ ਦੇਖਿਆ।

ਇਹ ਸੁਣ ਕੇ ਮਿੰਟੂ ਤੇ ਰਾਣੀ ਹੋਰ ਵੀ ਬਹੁਤ ਖ਼ੁਸ਼ ਹੋਏ!

ਉਹ 'ਮੇਡ ਆਫ਼ ਦਾ ਮਿਸਟ (Maid of the Mist)' ਨਾਂ ਦੀ ਕਿਸ਼ਤੀ ਜੋ ਕਿ ਯਾਤਰੀਆਂ ਨੂੰ ਬਿਲਕੁਲ ਝਰਨਿਆਂ ਦੇ ਕੋਲ਼ ਲੈ ਜਾਂਦੀ ਸੀ, ਦੀਆਂ ਟਿਕਟਾਂ ਲੈ ਕੇ, ਲਿਫ਼ਟ ਦੇ ਰਾਹੀਂ ਹੇਠਾਂ ਦਰਿਆ ਤੱਕ ਪਹੁੰਚੇ, ਜਿੱਥੇ ਉਹ ਇੱਕ ਵੱਡੀ ਕਿਸ਼ਤੀ ਦੇ ਵਿੱਚ ਸਵਾਰ ਹੋਣ ਵਾਲ਼ੀ ਲਾਈਨ ਵਿੱਚ ਲੱਗ ਗਏ। ਉਨ੍ਹਾਂ ਨੂੰ ਝਰਨਿਆਂ ਦੇ ਪਾਣੀ ਤੋਂ ਭਿੱਜਣ ਲਈ ਬਚਣ ਲਈ ਗੁਲਾਬੀ ਰੰਗ ਦੀਆਂ ਮੋਮਜਮਾਮਿਆਂ ਦੀਆਂ ਬਣੀਆਂ ਬਰਸਾਤੀਆਂ ਵੀ ਦਿੱਤੀਆਂ ਗਈਆਂ ਸਨ।

ਕਿਸ਼ਤੀ ਵਿੱਚ ਸਵਾਰ ਹੋ ਕੇ ਉਨ੍ਹਾਂ ਨੇ ਆਪੋ ਆਪਣੀਆਂ ਬਰਸਾਤੀਆਂ ਪਹਿਨ ਲਈਆਂ।

ਮਿੰਟੂ ਤੇ ਰਾਣੀ ਕਿਸ਼ਤੀ ਦੀ ਛੱਤ 'ਤੇ ਸਭ ਤੋਂ ਅੱਗੇ ਮਸਤੂਲ ਦੇ ਕੋਲ ਜਾ ਕੇ ਖੜੇ ਹੋ ਗਏ। ਉਹ ਦੋਵੇਂ ਬਹੁਤ ਹੀ ਉਤਸ਼ਾਹਿਤ ਤੇ ਉਤਸੁਕ ਸਨ। ਵਿਸ਼ਾਲ ਝਰਨਿਆਂ ਦਾ ਮੰਜ਼ਰ ਬਹੁਤ ਹੀ ਖੂਬਸੂਰਤ ਸੀ। ਉਨ੍ਹਾਂ ਨੇ ਕੁਝ ਕੁ ਫੋਟੋ ਖਿੱਚੀਆਂ ਤੇ ਵੀਡੀਓ ਵੀ ਬਣਾਏ।

ਗਾਈਡ ਤੇ ਪ੍ਰਕ੍ਰਿਤੀ ਵਿਗਿਆਨੀ (Naturalist) ਦੇ ਸਵਾਗਤ ਨਾਲ਼ ਕਿਸ਼ਤੀ ਚੱਲ ਪਈ, ਤੇ ਉਹ ਨਿਆਗਰਾ ਝਰਨਿਆਂ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਲੱਗਿਆ। 'ਮੇਡ ਆਫ਼ ਦਾ ਮਿਸਟ' ਕਿਸ਼ਤੀ ਪਹਿਲੀ ਵਾਰ 1846 ਈ: ਵਿੱਚ ਸ਼ੁਰੂ ਹੋਈ ਸੀ, ਜਿਸਨੇ ਯਾਤਰੀਆਂ ਨੂੰ ਅਨੰਦਮਈ ਅਨੁਭਵ ਕਰਵਾਏ ਤੇ ਅੱਜ ਤੱਕ ਕਰਵਾਉਂਦੀ ਆ ਰਹੀ ਹੈ। ਇਸਤੋਂ ਪਹਿਲਾਂ ਯਾਤਰੂਆਂ ਨੂੰ ਨਿਆਗਰਾ ਦਰਿਆ ਪਾਰ ਕਰਵਾਉਣ ਲਈ ਬੇੜੀਆਂ ਪੈਂਦੀਆਂ ਸਨ, ਪਰ ਕੁਝ ਉੱਦਮੀ ਲੋਕਾਂ ਨੇ ਵੱਡੀ ਕਿਸ਼ਤੀ ਦੀ ਲੋੜ ਮਹਿਸੂਸ ਕਰਦਿਆਂ ਭਾਫ਼-ਕਿਸ਼ਤੀ ਸ਼ੁਰੂ ਕੀਤੀ ਜੋ ਯਾਤਰੀ, ਮਾਲ, ਡਾਕ ਤੇ ਹੋਰ ਸਮਾਨ ਇੱਧਰ-ਉੱਧਰ ਲੈ ਕੇ ਜਾਣ ਲੱਗੀ। ਪਰ ਜਦੋ ਦਰਿਆ ਦੇ ਉੱਪਰ ਪੁਲ ਬਣ ਗਿਆ ਤਾ ਕਿਸ਼ਤੀ ਦਾ ਕਾਰੋਬਾਰ ਘਟ ਗਿਆ ਤੇ ਉਸ ਨੂੰ ਬਹੁਤ ਨੇੜੇ ਤੋਂ ਝਰਨਿਆਂ ਦੀ ਖ਼ੂਬਸੂਰਤੀ ਵੇਖਣ ਵਾਸਤੇ ਵਰਤਿਆ ਜਾਣ ਲੱਗਿਆ, ਜੋ ਕਿ ਬਹੁਤ ਮਸ਼ਹੂਰ ਅਨੁਭਵ ਸਾਬਤ ਹੋਇਆ। ਕਿਸ਼ਤੀ ਦੀ ਸੈਰ ਇੱਕ ਪ੍ਰਮੁੱਖ ਆਕਰਸ਼ਣ ਬਣੀ। 1949 ਵਿੱਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਇਸਦੀ ਸੈਰ ਕੀਤੀ। 1952 ਵਿੱਚ ਜਗਤ-ਪ੍ਰਸਿੱਧ ਅਦਾਕਾਰਾ ਮੈਰਿਲਿਨ ਮੁਨਰੋ ਨੇ 'ਨਿਆਗਰਾ' ਫ਼ਿਲਮ ਦੀ ਸ਼ੂਟਿੰਗ ਦੌਰਾਨ ਇਸਦੀ ਸਵਾਰੀ ਕੀਤੀ। ਇਸਦੀ ਸੈਰ ਯਾਤਰੀਆਂ ਨੂੰ ਲਗਾਤਾਰ ਉਨ੍ਹਾਂ ਦੀ ਜ਼ਿੰਦਗੀ ਦਾ ਇੱਕ ਅਦੁੱਤੀ ਅਨੁਭਵ ਪ੍ਰਦਾਨ ਕਰਦੀ ਆ ਰਹੀ ਹੈ। ਇਹ ਸਟੀਲ ਦੀ ਬਣੀ ਤਕਰੀਬਨ 80 ਫੁੱਟ ਲੰਬੀ ਤੇ 145 ਟੰਨ ਭਾਰੀ ਹੁੰਦੀ ਹੈ, ਜਿਸ ਵਿੱਚ 350 ਹੌਰਸ ਪਾਵਰ ਦੇ ਦੋ ਇੰਜਣ ਲੱਗੇ ਹੋਏ ਹੁੰਦੇ ਹਨ। ਗਾਈਡ ਨੇ ਪਾਣੀ 'ਤੇ ਤੈਰ ਰਹੀ ਭੂਰੇ ਰੰਗ ਦੀ ਫ਼ੋਮ ਬਾਰੇ ਵੀ ਦੱਸਿਆ। ਭੂਰੇ ਰੰਗ ਦੀ ਫ਼ੋਮ, ਨਿਰੰਤਰ ਕਈ ਟੰਨ ਪਾਣੀ ਡਿਗਣ ਕਰਕੇ ਕੁਦਰਤੀ ਹੀ ਬਣਦੀ ਹੈ। ਫ਼ੋਮ ਦਾ ਭੂਰਾ ਰੰਗ ਮਿੱਟੀ (ਕੈਲਸ਼ੀਅਮ ਕਾਰਬੋਨੇਟ) ਅਤੇ ਹੋਰ ਬਨਸਪਤੀ ਆਦਿਕ ਦੇ ਮਿਸ਼ਰਣ ਕਰਕੇ ਹੁੰਦਾ ਹੈ। ਮਿੰਟੂ ਨੇ ਹੇਠਾਂ ਦਰਿਆ ਵੱਲ ਭੂਰੇ ਰੰਗ ਦੀ ਝੱਗ ਨੂੰ ਦੇਖਿਆ, ਜਿਸ ਬਾਰੇ ਗਾਈਡ ਦੱਸ ਰਿਹਾ ਸੀ, ਜੋ ਕਿ ਸਾਬਣ ਦੀ ਝੱਗ ਵਰਗੀ ਪਰ ਮਟਿਆਲੀ ਲੱਗ ਰਹੀ ਸੀ।

ਜਿਵੇਂ ਹੀ ਕਿਸ਼ਤੀ ਅਮਰੀਕਨ ਝਰਨੇ ਦੇ ਕੋਲ਼ ਪੁੱਜੀ ਤਾਂ ਪਾਣੀ ਦੀ ਪਹਿਲੀ ਕੋਮਲ ਫ਼ੁਹਾਰ ਉਨ੍ਹਾਂ ਦੇ ਉੱਪਰ ਪਈ - ਜੋ ਕਿ ਬੜੀ ਸੁਖਦਾਈ ਤੇ ਰੋਮਾਂਚਿਕ ਮਹਿਸੂਸ ਹੋ ਰਹੀ ਸੀ! ਅਮਰੀਕਨ ਝਰਨਿਆਂ ਤੋਂ ਬਾਅਦ 'ਮੇਡ ਆਫ਼ ਦਾ ਮਿਸਟ' ਕਿਸ਼ਤੀ ਬ੍ਰਾਈਡਲ ਵੇਲ ਤੇ ਹੋਰਸ ਸ਼ੂ ਨਾਂ ਦੇ ਝਰਨਿਆਂ ਦੇ ਧੜਕਦੇ ਦਿਲ ਵੱਲ ਲੈ ਗਈ। ਗਾਈਡ ਦੇ

ਅਨੁਸਾਰ 2,27,125 ਲੀਟਰ ਡਿਗਦੇ ਪਾਣੀ ਦੀ ਗਰਜ ਉਨ੍ਹਾਂ ਦੇ ਕੰਨਾਂ ਵਿੱਚ ਗੂੰਜਦੀ ਹੋਈ ਇੱਕ ਤਰ੍ਹਾਂ ਦਾ ਅਨਹਦ ਨਾਦ ਪੈਦਾ ਕਰ ਰਹੀ ਸੀ, ਜਿਸ ਨਾਲ਼ ਸਭ ਯਾਤਰੀਆਂ ਦਾ ਦਿਲ ਮੋਹਿਆ ਗਿਆ ਸੀ। ਝਰਨਿਆਂ ਦੀ ਵਿਸ਼ਾਲਤਾ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਹੈਰਾਨੀ ਨਾਲ਼ ਅੱਡੀਆਂ ਰਹਿ ਗਈਆਂ! ਸਰਸ਼ਾਰ ਡਿਗਦੇ ਪਾਣੀ ਤੋਂ ਉਪਜੀ ਧੁੰਦ ਦਾ ਜ਼ੋਰਦਾਰ ਸਪਰਸ਼ ਉਨ੍ਹਾਂ ਦੇ ਮੁੱਖ ਤੇ ਬੜਾ ਪਿਆਰਾ ਤੇ ਸੁਕੂਨ ਭਰਿਆ ਲੱਗ ਰਿਹਾ ਸੀ। ਇੰਝ ਲੱਗ ਰਿਹਾ ਸੀ ਕਿ ਜਿਵੇਂ ਉਨ੍ਹਾਂ ਦੇ ਉੱਪਰ ਪਾਣੀ ਦੀਆਂ ਬੂੰਦਾਂ ਦਾ ਸ਼ੋਖ਼ਮਈ ਨਾਚ ਹੋ ਰਿਹਾ ਹੋਵੇ!

ਰਾਣੀ ਖ਼ੁਸ਼ੀ ਨਾਲ਼ ਟੱਪ ਰਹੀ ਸੀ ਤੇ ਨਾਲ਼ੇ ਮੀਂਹ ਵਰਗੀ ਡਿਗਦੀ ਫ਼ੁਹਾਰ ਵਿੱਚ ਗਿੱਲੀ ਹੋ ਰਹੀ ਸੀ। ਮਿੰਟੂ ਅਜੇ ਵੀ ਡਿਗਦੇ ਪਾਣੀ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਜਿਵੇ ਹੀ ਕਿਸ਼ਤੀ ਬਿਲਕੁਲ ਝਰਨੇ ਦੇ ਹੇਠਾਂ ਪਹੁੰਚੀ ਤਾਂ ਉਹ ਪੂਰੀ ਤਰ੍ਹਾਂ ਭਿੱਜਿਆ ਗਿਆ, ਹਾਲਾਂਕਿ ਬਰਸਾਤੀ ਵੀ ਪਾਈ ਹੋਈ ਸੀ, ਪਰ ਫਿਰ ਵੀ ਉਸ ਦੇ ਮੂੰਹ ਤੇ ਲੱਤਾਂ-ਪੈਰ ਪੂਰੀ ਤਰ੍ਹਾਂ ਗਿੱਲੇ ਹੋ ਚੁੱਕੇ ਸਨ।

ਠੰਡੀ-ਠੰਡੀ, ਕੂਲੀ ਕੂਲੀ ਫ਼ੁਹਾਰ ਉਸ ਨੂੰ ਜਿਵੇਂ ਸਮੋਹਿਤ ਕਰ ਰਹੀ ਸੀ ਤੇ ਉਹ ਜਿਵੇਂ ਉਸ ਵਿੱਚ ਵਿਲੀਨ ਹੋਇਆਂ ਡਿਗਦੀ ਆਬਸ਼ਾਰ ਦੇ ਨੀਲੇ ਪਾਣੀਆਂ ਦਾ ਗੂੰਜਦਾ ਰਾਗ ਸੁਣਦੇ ਰਹਿਣਾ ਚਾਹੁੰਦਾ ਸੀ - ਜਿਸਦੀਆਂ ਵਲ਼ ਖਾਂਦੀਆਂ ਲਹਿਰਾਂ ਵਰਗੀਆਂ ਸੁਰਾਂ ਮਨ ਦੀਆਂ ਨਾਜ਼ੁਕ ਤਹਿਆਂ ਵਿੱਚ ਧੁਰ ਅੰਦਰ ਸਮਾ ਰਹੀਆਂ ਸਨ। ਧੁੰਦ ਦੇ ਬੱਦਲ ਸੂਰਜ ਦੀਆਂ ਅਗਨ ਕਿਰਨਾਂ ਵਿੱਚ ਵਿੱਚ ਵੀ ਕੰਬਣੀ ਜਿਹੀ ਛੇੜ ਰਹੇ ਸਨ ਤੇ ਉਹ ਜਿਵੇਂ ਸਤਰੰਗੀ ਪੀਂਘ ਵਿੱਚ ਹੁਲਾਰੇ ਲੈ ਰਿਹਾ ਸੀ! ਝਰਨਿਆਂ ਦੇ ਕੋਲ਼ ਪਹੁੰਚ ਕੇ ਚਾਰੇ ਪਾਸੇ ਜਿਵੇਂ ਧੁੰਦ ਹੀ ਧੁੰਦ ਛਾ ਗਈ ਸੀ ਤੇ ਆਸ ਪਾਸ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ।

'ਵੀਰੇ, ਤੂੰ ਕਿੱਥੇ ਏਂ? ਮੈਨੂੰ ਨਜ਼ਰ ਨਹੀਂ ਆ ਰਿਹਾ।' ਰਾਣੀ ਆਪਣੀ ਮਾਤਾ ਜੀ ਨਾਲ਼ ਚਿੰਬੜੀ ਹੋਈ ਬੋਲ ਰਹੀ ਸੀ।

'ਮੈਂ, ਇੱਥੇ ਹੀ ਹਾਂ!' ਉਸ ਨੇ ਜਵਾਬ ਦਿੱਤਾ।

ਹੌਲ਼ੀ-ਹੌਲ਼ੀ ਕਿਸ਼ਤੀ ਵਾਪਸ ਆਉਣੀ ਸ਼ੁਰੂ ਹੋ ਗਈ। ਇੱਕ ਵਾਰ ਫੇਰ ਉਹ ਦਿਨ ਦੀ ਰੌਸ਼ਨੀ ਵਿੱਚ ਇੱਕ ਦੂਜੇ ਨੂੰ ਨਜ਼ਰ ਆਉਣ ਲੱਗੇ।

'ਬਹੁਤ ਹੀ ਮਜ਼ੇਦਾਰ ਟੂਰ ਹੈ।' ਅਮਰਪ੍ਰੀਤ ਵੀ ਖ਼ੁਸ਼ੀ ਨਾਲ਼ ਚਹਿਕ ਰਿਹਾ ਸੀ। ਉਹ ਸਾਰੇ ਹੀ ਬਹੁਤ ਖ਼ੁਸ਼ ਨਜ਼ਰ ਆ ਰਹੇ ਸਨ। 'ਬਿਲਕੁਲ।' ਪ੍ਰੀਤੀ ਨੇ ਵੀ ਹਾਂ ਨਾਲ਼ ਸਿਰ ਹਿਲਾਉਂਦਿਆ ਕਿਹਾ। ਕੁਝ ਪਲ ਲਈ ਉਨ੍ਹਾਂ ਨੂੰ ਹੋਰ ਸਭ ਕੁਝ ਭੁੱਲ ਗਿਆ ਸੀ! ਧੁੰਦ ਦੀ ਨਮੀ ਨਾਲ਼ ਭਿੱਜੇ ਉਨ੍ਹਾਂ ਦੇ ਮੁੱਖਾਂ 'ਤੇ ਫੈਲੀ ਖ਼ੁਸ਼ੀ ਪ੍ਰਤੱਖ ਨਜ਼ਰ ਰਹੀ ਸੀ। ਕਿਸ਼ਤੀ ਤੋਂ ਵਾਪਸ ਆ ਕੇ ਵੀ ਝਰਨਿਆਂ ਦੇ ਵਿਸਮਾਦੀ ਸਪਰਸ਼ ਦਾ ਕੰਪਨ ਬਹੁਤ ਦੇਰ ਤੱਕ ਉਨ੍ਹਾਂ ਦੇ ਹਿਰਦਿਆਂ ਵਿੱਚ ਥਰਥਰਾਉਂਦਾ ਰਿਹਾ।

'ਮੈਨੂੰ ਭੁੱਖ ਲੱਗੀ ਹੈ।' ਥੱਕ ਚੁੱਕੀ ਰਾਣੀ ਨੇ ਕਿਹਾ।

ਹੁਣ ਉਹ ਵੀ ਸਾਰੇ ਥੱਕ ਚੁੱਕੇ ਸਨ ਤੇ ਭੁੱਖੇ ਸਨ। ਉਹ ਪਾਰਕਿੰਗ ਵਿੱਚ ਵਾਪਸ ਪਹੁੰਚ ਗਏ। ਪ੍ਰੀਤੀ ਨੇ ਆਪਣੇ ਨਾਲ਼ ਲਿਆਂਦੇ ਖਾਣੇ ਨੂੰ ਕੱਢਿਆ। ਸਰਬਜੀਤ ਤੇ ਅਮਰਪ੍ਰੀਤ ਨੇ ਘਾਹ 'ਤੇ ਚਾਦਰ ਵਿਛਾ ਕੇ ਪਿਕਨਿਕ ਦਾ ਮਹੌਲ ਬਣਾ ਦਿੱਤਾ। ਪ੍ਰੀਤੀ ਨੇ ਸਭ ਤੋਂ ਪਹਿਲਾ ਬੱਚਿਆਂ ਨੂੰ ਖਾਣਾ ਦਿੱਤਾ। ਉਥੇ ਹੋਰ ਵੀ ਬਹੁਤ ਸਾਰੇ ਲੋਕ

ਪਿਕਨਿਕ ਮਨਾ ਰਹੇ ਸਨ। ਉਨ੍ਹਾਂ ਵਿੱਚ ਕਾਫ਼ੀ ਪੰਜਾਬੀ ਪਰਿਵਾਰ ਵੀ ਸਨ। ਖਾਣਾ ਖਾ ਕੇ ਉਹ ਥੋੜੀ ਦੇਰ ਨਿਆਗਰਾ ਸ਼ਹਿਰ ਨੂੰ ਵੇਖਣ ਲੱਗ ਪਏ। ਨਾਲ਼ੇ ਉਹ ਚਾਹ ਪੀਣ ਲਈ ਤੇ ਬੱਚਿਆਂ ਲਈ ਆਈਸਕਰੀਮ ਦੀ ਦੁਕਾਨ ਲੱਭਣ ਲੱਗ ਪਏ।

'ਕਿੰਨਾ ਸੁੰਦਰ ਸ਼ਹਿਰ ਹੈ!' ਮਿੰਟੂ ਆਸਪਾਸ ਦੀਆਂ ਇਮਾਰਤਾਂ ਤੇ ਦੁਕਾਨਾਂ ਦੀ ਸ਼ਾਨ ਦੇਖ ਕੇ ਕਹਿ ਰਿਹਾ ਸੀ।

'ਹਾਂ, ਬੇਟੇ। ਇੱਧਰੋਂ ਕੈਨੇਡਾ ਵਾਲ਼ੇ ਪਾਸਿਓਂ ਝਰਨਿਆਂ ਦਾ ਨਜ਼ਾਰਾ ਬਹੁਤ ਅਲੌਕਿਕ ਹੈ, ਕਿਉਂਕਿ ਇੱਧਰੋਂ ਸਾਰੇ ਝਰਨੇ ਪੂਰੇ ਨਜ਼ਰ ਆਉਂਦੇ ਹਨ। ਅਮਰੀਕਾ ਵਾਲ਼ੇ ਪਾਸਿਓਂ ਝਰਨੇ ਪੂਰੇ ਨਜ਼ਰ ਨਹੀਂ ਆਉਂਦੇ।' ਸਰਬਜੀਤ ਨੇ ਦੱਸਿਆ।

ਉਦੋਂ ਤੱਕ ਸ਼ਾਮ ਪੈ ਚੁੱਕੀ ਸੀ ਤੇ ਉਨ੍ਹਾਂ ਨੇ ਵਾਪਸ ਟਰੰਟੋ ਵੱਲ ਨੂੰ ਚਾਲੇ ਪਾ ਦਿੱਤੇ। ਅੱਜ ਦਾ ਨਿਆਗਰਾ ਫ਼ਾਲਜ਼ ਦਾ ਟਰਿੱਪ ਉਨ੍ਹਾਂ ਲਈ ਯਾਦਗਾਰੀ ਹੋ ਨਿਬੜਿਆ ਸੀ!

*****

ਉਸ ਤੋਂ ਅਗਲੇ ਸ਼ਨੀਵਾਰ ਉਨ੍ਹਾਂ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਸਰਬਜੀਤ ਨੇ ਉਨ੍ਹਾਂ ਨੂੰ ਅਫਰੀਕਨ ਲਾਇਨ ਸਫ਼ਾਰੀ ਘੁੰਮਾਉਣ ਦਾ ਪ੍ਰੋਗਰਾਮ ਬਣਾਇਆ। ਰਾਣੀ ਤਾਂ ਪੱਬਾਂ ਭਾਰ ਉੱਛਲ ਪਈ ਤੇ ਉਸ ਦੇ ਗੁਲਾਬੀ ਬੂਟਾਂ ਵਿੱਚੋਂ 'ਚੀਂ-ਚੀਂ' ਦੀ ਆਵਾਜ਼ ਨਿੱਕਲ਼ੀ। ਮਿੰਟੂ ਵੀ ਬਹੁਤ ਖ਼ੁਸ਼ ਸੀ। ਪਰ ਹੈਰਾਨੀ ਭਰੀ ਗੱਲ ਸੀ ਕਿ ਉਨ੍ਹਾਂ ਦੇ ਮੰਮੀ-ਡੈਡੀ ਵੀ ਖ਼ੁਸ਼ ਤੇ ਉਤਸੁਕ ਸਨ। ਤਰ੍ਹਾਂ-ਤਰ੍ਹਾਂ ਦੇ ਸੋਹਣੇ ਜੰਗਲੀ ਜਾਨਵਰ ਦੇਖਣ ਲਈ ਕੌਣ ਨਹੀਂ ਖ਼ੁਸ਼ ਹੋਵੇਗਾ!

'ਸਫ਼ਾਰੀ ਵਿੱਚ ਜੰਗਲੀ ਜਾਨਵਰ ਖੁੱਲ੍ਹੇ ਫਿਰਦੇ ਹਨ, ਚਿੜੀਆ ਘਰ ਵਾਂਗ ਪਿੰਜਰੇ ਵਿੱਚ ਬੰਦ ਨਹੀਂ ਹੁੰਦੇ। ਪਰ ਅਸੀਂ ਆਪਣੀ ਕਾਰ ਵਿੱਚੋਂ ਹੀ ਉਨ੍ਹਾਂ ਨੂੰ ਦੇਖਾਂਗੇ।' ਮਿੰਟੂ ਨੇ ਆਪਣੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ।

'ਹੱਛਾ ਵੀਰੇ, ਫਿਰ ਤਾਂ ਬਹੁਤ ਹੀ ਮਜ਼ਾ ਆਏਗਾ! ਕੀ ਅਸੀਂ ਸ਼ੇਰ ਦੇਖ ਸਕਾਂਗੇ? ਇੱਕ ਵਾਰ ਜਦੋਂ ਅਸੀਂ ਜਿਮ ਕਾਰਬੈੱਟ ਨੈਸ਼ਨਲ ਪਾਰਕ ਦੇਖਣ ਗਏ ਸੀ ਤਾਂ ਕੋਈ ਸ਼ੇਰ-ਚੀਤਾ ਨਜ਼ਰ ਨਹੀਂ ਆਇਆ।'

'ਹਾਂ - ਹਾਂ। ਭਾਰਤ ਦੀ ਜਿਮ ਕਾਰਬੈੱਟ ਪਾਰਕ ਅਸਲੀ ਜੰਗਲ ਹੈ ਪਰ ਇਹ ਸਫ਼ਾਰੀ ਮਨੁੱਖਾਂ ਦੁਆਰਾ ਬਣਾਇਆ ਗਿਆ ਪਾਰਕ ਹੈ ਜਿੱਥੇ ਜਾਨਵਰ ਖੁਲ੍ਹੇ ਫਿਰਦੇ ਹਨ ਪਰ ਫਿਰ ਵੀ ਵਾਤਾਵਰਣ ਕੰਟਰੋਲ ਵਿੱਚ ਰੱਖਿਆ ਜਾਂਦਾ ਹੈ।' ਸਰਬਜੀਤ ਨੇ ਪਿਆਰ ਨਾਲ਼ ਰਾਣੀ ਨੂੰ ਦੱਸਦਿਆਂ ਕਿਹਾ।

'ਗਰ ਰਰ। ...!!!' ਮਿੰਟੂ ਨੇ ਰਾਣੀ ਨੂੰ ਡਰਾਉਣ ਲਈ ਸ਼ੇਰ ਵਾਂਗ ਦਹਾੜ ਮਾਰਨ ਦੀ ਕੋਸ਼ਿਸ਼ ਕੀਤੀ।

'ਸਾਨੂੰ ਸ਼ੇਰ ਕੁਝ ਕਹਿਣਗੇ ਤਾਂ ਨਹੀਂ?' ਮਿੰਟੂ ਨੂੰ ਨਜ਼ਰਅੰਦਾਜ਼ ਕਰਦਿਆਂ ਰਾਣੀ ਨੇ ਡਰਦੀ ਹੋਈ ਨੇ ਪੁੱਛਿਆ। ਉਸਦੀਆਂ ਅੱਖਾਂ ਵਿੱਚੋਂ ਚਿੰਤਾ ਦੀ ਭਾਵਨਾ ਝਲਕ ਰਹੀ ਸੀ।

'ਨਹੀਂ ਨਹੀਂ। ਕਾਰ ਅੰਦਰ ਅਸੀਂ ਸੁਰੱਖਿਅਤ ਹੋਵਾਂਗੇ।' ਸਰਬਜੀਤ ਨੇ ਉਸ ਨੂੰ ਹੌਸਲਾ ਦਿੰਦਿਆਂ ਕਿਹਾ।

ਅਫਰੀਕਨ ਲਾਇਨ ਸਫ਼ਾਰੀ ਤਕਰੀਬਨ ਡੇਢ ਕੁ ਘੰਟੇ ਦਾ ਰਸਤਾ ਸੀ। ਪ੍ਰੀਤੀ ਨੇ ਖਾਣ-ਪੀਣ ਦਾ ਸਮਾਨ ਪੈਕ ਕਰ ਲਿਆ ਸੀ। ਕਾਰ ਵਿੱਚ ਸਫ਼ਰ ਦੇ ਦੌਰਾਨ ਮਿੰਟੂ ਤੇ ਰਾਣੀ ਦੋਵੇਂ ਪੰਜਾਬੀ ਗਾਣੇ ਸੁਣਦੇ, ਬੇਚੈਨੀ ਨਾਲ਼ ਸਫ਼ਾਰੀ ਦੇ ਆਉਣ ਦਾ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਦਾ ਧਿਆਨ ਕਾਰ ਤੋਂ ਬਾਹਰ ਹੀ ਸੀ ਪਰ ਸਫ਼ਾਰੀ ਤੱਕ ਦਾ ਰਸਤਾ ਬਹੁਤ ਲੰਬਾ ਲੱਗ ਰਿਹਾ ਸੀ! ਹਾਲਾਂਕਿ ਆਸ-ਪਾਸ ਹਰੇ-ਭਰੇ ਖੇਤ ਤੇ ਦਰਖਤਾਂ ਦੀ ਹਰਿਆਲੀ ਉਨ੍ਹਾਂ ਨੂੰ ਬਹੁਤ ਵਧੀਆ ਲੱਗ ਰਹੀ ਸੀ।

'ਬਿਲਕੁਲ ਪੰਜਾਬ ਦੇ ਖੇਤਾਂ ਵਰਗੇ ਖੇਤ ਤੇ ਹਰਿਆਲੀ। ਦੇਖੋ ਖੇਤਾਂ ਵਿੱਚ ਘਾਹ ਦੀਆਂ ਭਰੀਆਂ ਵੀ ਪਈਆਂ ਹਨ।' ਅਮਰਪ੍ਰੀਤ ਖ਼ੁਸ਼ੀ ਨਾਲ਼ ਬੋਲਿਆ।

'ਹਾਂ ਜੀ ਵੀਰ ਜੀ। ਪਰ ਪੰਜਾਬ ਦੀਆਂ ਭਰੀਆਂ ਤੋਂ ਕਾਫ਼ੀ ਅਲੱਗ ਤੇ ਵੱਡੀਆਂ ਹਨ। ਫਾਰਮ ਵੀ ਕਾਫ਼ੀ ਵੱਡੇ-ਵੱਡੇ ਹੁੰਦੇ ਹਨ।'

'ਉਹ ਦੇਖੋ ਟਰੈਕਟਰ ਵੀ ਚੱਲ ਰਿਹਾ ਹੈ।' ਮਿੰਟੂ ਬੋਲਿਆ।

'ਹਾਂ, ਜ਼ਿਆਦਾਤਰ ਉਹ ਘਾਹ ਕੱਟਣ ਲਈ ਵਰਤੇ ਜਾਂਦੇ ਹਨ।'

'ਇੱਥੇ ਅੱਜ-ਕੱਲ ਕਿਹੜੀ ਪੈਦਾਵਾਰ ਹੁੰਦੀ ਹੈ?' ਅਮਰਪ੍ਰੀਤ ਨੇ ਪੁੱਛਿਆ।

'ਮੱਕੀ, ਆੜੂ, ਆਲੂ-ਬੁਖ਼ਾਰੇ, ਚੈਰੀ, ਖੀਰੇ ਆਦਿ।' ਸਰਬਜੀਤ ਨੇ ਜਵਾਬ ਦਿੱਤਾ।

ਆਖਰਕਾਰ ਉਹ ਸਫ਼ਾਰੀ ਦੇ ਗੇਟ 'ਤੇ ਪਹੁੰਚ ਗਏ। ਮਿੰਟੂ ਨੂੰ ਸਫ਼ਾਰੀ ਦਾ ਗੇਟ ਦੇਖ ਕੇ 'ਜੁਰੈਸਿਕ ਪਾਰਕ' ਫ਼ਿਲਮ ਵਿੱਚਲਾ ਗੇਟ ਯਾਦ ਆ ਗਿਆ। ਉਸ ਦੇ ਦਿਲ ਵਿੱਚ ਇੱਕ ਅਜੀਬ ਕਿਸਮ ਦੀ ਲਹਿਰ ਜਿਹੀ ਉੱਠੀ। ਗੇਟ 'ਤੇ ਸਫ਼ਾਰੀ ਦੇ ਅੰਦਰ ਜਾਣ ਲਈ ਕਾਰਾਂ ਦੀ ਇੱਕ ਲੰਬੀ ਲਾਈਨ ਸੀ।

'ਓਹੋ, ਹੁਣ ਸਾਨੂੰ ਹੋਰ ਇੰਤਜ਼ਾਰ ਕਰਨਾ ਪੈਣਾ ਹੈ।' ਰਾਣੀ ਸਫ਼ਾਰੀ ਦੇਖਣ ਲਈ ਕਾਹਲ਼ੀ ਪੈ ਰਹੀ ਸੀ।

'ਬੱਸ ਪੰਦਰਾਂ-ਵੀਹ ਮਿੰਟ ਹੀ ਲੱਗਣਗੇ।' ਸਰਬਜੀਤ ਨੇ ਕਿਹਾ।

ਠੀਕ ਵੀਹ ਕੁ ਮਿੰਟ ਬਾਅਦ ਉਹ ਟਿਕਟ ਖਿੜਕੀ ਕੋਲ਼ ਪੁੱਜ ਗਏ, ਸਰਬਜੀਤ ਨੇ ਟਿਕਟਾਂ ਲੈ ਲਈਆਂ। ਬੱਸ ਫੇਰ ਕੀ ਸੀ... ਉਨ੍ਹਾਂ ਦਾ ਭਿੰਨ-ਭਿੰਨ ਕਿਸਮ ਦੇ ਜੰਗਲੀ ਜਾਨਵਰਾਂ ਤੇ ਪੰਛੀਆਂ ਨਾਲ਼ ਭਰੀ ਸਫ਼ਾਰੀ ਦਾ ਸਫ਼ਰ ਸ਼ੁਰੂ ਹੋ ਗਿਆ।

ਅਫਰੀਕਨ ਲਾਇਨ ਸਫ਼ਾਰੀ ਕੋਈ ਆਮ ਚਿੜੀਆਂ ਘਰ ਨਹੀਂ ਸੀ। 1968 ਵਿੱਚ ਇਸਦੇ ਸੰਸਥਾਪਕ ਕਰਨਲ ਡੇਲੀ ਨੇ ਕਨੇਡੀਅਨ ਲੋਕਾਂ ਲਈ ਇੱਕ ਨਵੇਂ ਕਿਸਮ ਦੇ ਆਕਰਸ਼ਣ ਨੂੰ ਬਣਾਉਣ ਦਾ ਸੁਪਨਾ ਲਿਆ ਸੀ ਜੋ ਜਲਦੀ ਹੀ 1969 ਵਿੱਚ ਸਾਕਾਰ ਹੋ ਗਿਆ ਸੀ ਜਦੋਂ ਸਫ਼ਾਰੀ ਦੇ ਦਰਵਾਜ਼ੇ ਲੋਕਾਂ ਲਈ ਖੁੱਲ੍ਹੇ ਸਨ।

ਉੱਥੇ ਲਿਖਿਆ ਹੋਇਆ ਸੀ - "ਆਪਣੀ ਕਾਰ ਵਿੱਚ 9 ਕਿਲੋਮੀਟਰ ਦਾ ਪੈਂਡਾ ਤਹਿ ਕਰਦੇ ਹੋਏ, 7 ਵੱਡੀਆਂ ਸ਼ਿਕਾਰਗਾਹਾਂ ਵਿੱਚ, ਦੁਨੀਆ ਭਰ ਦੇ ਸ਼ਾਨਦਾਰ ਪੰਛੀਆਂ ਅਤੇ ਜਾਨਵਰਾਂ ਦੇ ਨੇੜੇ ਜਾਣ ਲਈ ਤਿਆਰ ਹੋ ਜਾਓ,

ਜਿੱਥੇ ਨੈਰੋਬੀ ਸ਼ਰਣ ਗਾਹ (Sanctuary), ਸਿੰਬਾ ਸ਼ੇਰ ਪਿੰਡ (Country), ਟਿੰਬਾਵਤੀ ਸ਼ੇਰ ਪਿੰਡ, ਵੈਂਕੀ ਬੁਸ਼ਲੈਂਡ ਟ੍ਰੇਲ, ਰੌਕੀ ਰਿਜ ਘਾਹ ਦਾ ਮੈਦਾਨ (Veldt - ਦੱਖਣੀ ਅਫਰੀਕਾ ਦਾ ਉਹ ਭਾਗ ਜੋ ਨਾ ਜੰਗਲ ਹੈ ਅਤੇ ਨਾ ਹੀ ਵਾਹੀਯੋਗ ਹੈ), ਆਸਟ੍ਰੇਲਸ਼ੀਆ (ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਗੁਆਂਢੀ ਟਾਪੂ) ਅਤੇ ਅਮਰੀਕਾ ਦੇ ਜਾਨਵਰ ਵਿਸ਼ੇਸ਼ ਤੌਰ 'ਤੇ ਵਸਾਏ ਗਏ ਹਨ।"

ਸਭ ਤੋਂ ਪਹਿਲਾਂ ਉਨ੍ਹਾਂ ਨੇ ਚਿੱਟੀਆਂ ਤੇ ਕਾਲੀਆਂ ਧਾਰੀਆਂ ਵਾਲੇ ਜ਼ੈਬਰਾ ਦਾ ਝੁੰਡ ਦੇਖਿਆ ਜੋ ਕਿ ਦੁਪਹਿਰ ਦੇ ਸੂਰਜ ਦੀਆਂ ਕਿਰਨਾਂ ਨਾਲ਼ ਲਿਸ਼ਕ ਰਹੀਆਂ ਸਨ। ਜ਼ੈਬਰਾ ਪਾਣੀ ਪੀਣ ਜਾ ਰਹੇ ਲਗਦੇ ਸਨ।

ਫੇਰ ਇੱਕਦਮ ਉਨ੍ਹਾਂ ਦੇ ਅੱਗੇ ਹਿਰਨਾਂ ਦੀ ਡਾਰ ਆ ਗਈ। ਕਾਰਾਂ ਤੋਂ ਬੇਖ਼ਬਰ, ਸੋਹਣੇ ਸੋਹਣੇ ਹਿਰਨ ਮਸਤੀ ਨਾਲ਼ ਸੜਕ ਪਾਰ ਕਰ ਰਹੇ ਸਨ।

'ਇੱਥੇ ਸੜਕ ਪਾਰ ਕਰਨ ਦਾ ਅਧਿਕਾਰ ਪਹਿਲਾਂ ਜਾਨਵਰਾਂ ਦਾ ਹੈ!' ਅਮਰਪ੍ਰੀਤ ਬੋਲਿਆ।

'ਰਾਣੀ, ਓਹ ਦੇਖ ਗੈਂਡੇ!' ਮਿੰਟੂ ਨੇ ਚੀਕਦਿਆਂ, ਦੂਰ ਪਾਣੀ ਦੇ ਕੋਲ਼ ਤੇ ਝਿੱਕੜ ਵਿੱਚ ਲੱਥਪੱਥ, ਉੱਸਲਵੱਟੇ ਖਾਂਦੇ (Wallowing) ਗੈਂਡਿਆ ਵੱਲ ਇਸ਼ਾਰਾ ਕੀਤਾ।

'ਵਾਹ! ਬਿਲਕੁਲ ਸੂਰਾਂ ਵਾਂਗ ਇਹ ਵੀ ਚਿੱਕੜ ਵਿੱਚ ਖ਼ੁਸ਼ ਰਹਿੰਦੇ ਹਨ। ਅਸੀਂ ਸ਼ੇਰ ਕਦੋਂ ਦੇਖਾਂਗੇ?'

'ਜਲਦੀ ਹੀ,' ਸਰਬਜੀਤ ਪਿਆਰ ਨਾਲ਼ ਬੋਲਿਆ, 'ਸਾਨੂੰ ਰਸਤੇ 'ਤੇ ਹੀ ਰਹਿਣਾ ਪੈਣਾ ਏ, ਅਸੀਂ ਸਭ ਨੂੰ ਓਵਰਟੇਕ ਕਰਕੇ ਪਹਿਲਾਂ ਸ਼ੇਰਾਂ ਨੂੰ ਨਹੀਂ ਦੇਖ ਸਕਦੇ!'

'ਹਾਂ ਜੀ।' ਰਾਣੀ ਝੇਂਪਦਿਆਂ ਬੋਲੀ। ਉਹ ਚੁੱਪ ਕਰਕੇ ਬਾਹਰ ਦਾ ਨਜ਼ਾਰਾ ਦੇਖਣ ਵਿੱਚ ਮਘਨ ਹੋ ਗਈ। ਸਫ਼ਾਰੀ ਸੱਚਮੁੱਚ ਹੀ ਬਹੁਤ ਵਧੀਆ ਬਣਾਈ ਹੋਈ ਸੀ। ਜੰਗਲੀ ਜਾਨਵਰਾਂ ਖ਼ਾਸ ਤੌਰ 'ਤੇ ਲੋਪ ਹੋ ਰਹੇ ਜਾਨਵਰਾਂ ਨੂੰ ਸਾਂਭਣ ਦਾ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਸੀ।

ਆਖਰ ਉਹ ਸ਼ੇਰਾਂ ਦੇ ਖੇਤਰ ਵਿੱਚ ਪਹੁੰਚ ਗਏ। ਪੰਜ-ਛੇ ਸ਼ੇਰ ਪੱਥਰਾਂ ਦੇ ਚਬੂਤਰੇ ਉੱਤੇ ਸੁਸਤਾ ਰਹੇ ਸਨ। ਇੱਕ ਪਾਸੇ ਇੱਕ ਸ਼ੇਰ ਪਰਿਵਾਰ ਖੜ੍ਹਾ ਸੀ। ਮਾਦਾ ਸ਼ੇਰ ਆਪਣੇ ਛੋਟੇ-ਛੋਟੇ ਪਿਆਰੇ ਬੱਚਿਆਂ (Cubs) ਨਾਲ਼ ਖੇਡ ਰਹੀ ਸੀ। ਸ਼ੇਰ ਦੇ ਬੱਚੇ ਆਪਣੀ ਮਾਂ ਦਾ ਧਿਆਨ ਖਿੱਚਣ ਲਈ ਇੱਕ ਦੂਜੇ ਦੇ ਉੱਪਰ ਚੜ੍ਹ ਰਹੇ ਸਨ।

ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇੱਕ ਸ਼ੇਰ ਨੇ ਉੱਚੀ ਦੇਣੀ ਦਹਾੜ ਮਾਰੀ। ਆਸ ਪਾਸ ਦੇ ਦਰਖਤਾਂ ਤੋਂ ਪੰਛੀ ਉਡ ਗਏ ਤੇ ਹਿਰਨਾਂ ਦੀਆਂ ਡਾਰਾਂ ਭੱਜਣ ਲੱਗੀਆਂ। ਮਿੰਟੂ ਤੇ ਰਾਣੀ ਦੇ ਉੱਪਰਲੇ ਸਾਹ ਉੱਪਰ ਤੇ ਹੇਠਲੇ ਹੇਠਾਂ ਰਹਿ ਗਏ।

ਮਿੰਟੂ ਚੁੱਪ ਤੇ ਦੰਗ ਸੀ। ਉਸ ਨੂੰ ਇਸ ਅਨੁਭਵ ਨੂੰ ਬਿਆਨ ਕਰਨ ਲਈ ਸ਼ਬਦ ਨਹੀਂ ਸੁੱਝ ਰਹੇ ਸਨ।

'ਵਾਹ! ਸਿੰਘ ਬੁਕੇ...' ਅਮਰਪ੍ਰੀਤ ਵੀ ਹੈਰਾਨੀ ਵਿੱਚ ਬੋਲਿਆ।

'ਬਹੁਤ ਵਧੀਆ, ਮਜ਼ਾ ਆ ਗਿਆ।' ਰਾਣੀ ਉੱਛਲਦੀ ਬੋਲੀ। ਉਸਦੀਆਂ ਅੱਖਾਂ ਵਿੱਚ ਖ਼ੁਸ਼ੀ ਦੀ ਚਮਕ ਸੀ।



www.PunjabiLibrary.com

'ਮੰਮੀ, ਦੇਖੋ ਇਨ੍ਹਾਂ ਦੇ ਬੱਚੇ ਕਿੰਨੇ ਪਿਆਰੇ ਹਨ - ਜਿਵੇਂ ਬਲੂੰਗੜੇ ਹੋਣ।'

'ਹਾਂ , ਬੇਟੇ!' ਪ੍ਰੀਤੀ ਵੀ ਖ਼ੁਸ਼ੀ ਨਾਲ਼ ਰਾਣੀ ਨੂੰ ਆਪਣੀ ਗੋਦੀ ਵਿੱਚ ਲੈਂਦਿਆਂ ਬੋਲੀ - 'ਤੁਸੀਂ ਵੀ ਤਾਂ ਮੇਰੇ ਪਿਆਰੇ ਬਲੂੰਗੜੇ ਹੋ!'

'ਹਾਂ, ਸ਼ੇਰ ਵੀ ਤਾਂ ਬਿੱਲੀ ਪਰਿਵਾਰ (Cat Family) ਵਿੱਚੋਂ ਹੀ ਹਨ। ਰਾਣੀ ਤੈਨੂੰ ਪਤੈ ਸ਼ੇਰਾਂ ਦੇ ਝੁੰਡ ਨੂੰ ਅੰਗ੍ਰੇਜ਼ੀ ਵਿੱਚ ਪ੍ਰਾਇਡ (Pride) ਕਹਿੰਦੇ ਹਨ।'

'ਨਹੀਂ ਵੀਰੇ।'

'ਡੈਡੀ ਸ਼ੇਰ ਆਪਣੇ ਪਰਿਵਾਰ ਤੇ ਖੇਤਰ ਦੀ ਰੱਖਿਆ ਕਰਦਾ ਹੈ ਤੇ ਮੰਮੀ ਸ਼ੇਰ ਸ਼ਿਕਾਰ ਕਰਕੇ ਆਪਣੇ ਪਰਿਵਾਰ ਲਈ ਭੋਜਨ ਦਾ ਇੰਤਜ਼ਾਮ ਕਰਦੀ ਹੈ।'

ਸਾਰੇ ਮਿੰਟੂ ਦੀ ਜਾਣਕਾਰੀ ਤੇ ਖ਼ੁਸ਼ੀ ਤੇ ਮਾਣ ਮਹਿਸੂਸ ਕਰ ਰਹੇ ਸਨ।

ਸ਼ੇਰਾਂ ਨੂੰ ਦੇਖਦਿਆਂ ਉਨ੍ਹਾਂ ਦੀ ਕਾਰ ਹੌਲ਼ੀ-ਹੌਲ਼ੀ ਜਾ ਰਹੀ ਸੀ। ਜਿਵੇਂ ਹੀ ਉਹ ਸ਼ੇਰਾਂ ਦੇ ਖੇਤਰ ਤੋਂ ਬਾਹਰ ਆਏ ਤਾਂ ਅੱਗੇ ਮੋੜ ਆ ਗਿਆ।

'ਇੱਕ ਰਸਤੇ 'ਤੇ ਬਾਂਦਰ ਹੁੰਦੇ ਹਨ ਜੋ ਕਾਰਾਂ ਉੱਪਰ ਵੀ ਚੜ੍ਹ ਜਾਂਦੇ ਹਨ ਤੇ ਦੂਜੇ ਰਸਤੇ ਤੇ ਨਹੀਂ। ਦੱਸੋ ਕਿੱਧਰ ਚੱਲੀਏ?' ਸਰਬਜੀਤ ਨੇ ਮੁਸਕਰਾਉਂਦਿਆਂ ਪੁੱਛਿਆ।

'ਬਾਂਦਰਾਂ ਵਾਲ਼ੇ ਰਸਤੇ ਚੱਲੋ।' ਮਿੰਟੂ ਤੇ ਰਾਣੀ ਇਕੱਠੇ ਬੋਲੇ। ਉਨ੍ਹਾਂ ਲਈ ਇਹ ਸਵਾਲ ਬਹੁਤ ਸੌਖਾ ਸੀ। ਉਹ ਬਾਂਦਰਾਂ ਦੀਆਂ ਕਲੋਲਾਂ ਦੇਖਣੀਆਂ ਚਾਹੁੰਦੇ ਸਨ। ਬਾਂਦਰਾ ਤੋਂ ਰਾਣੀ ਨੂੰ ਵੀ ਕੋਈ ਡਰ ਨਹੀਂ ਸੀ ਲੱਗ ਰਿਹਾ। ਪੰਜਾਬ ਵਿੱਚ ਉਨ੍ਹਾਂ ਨੇ ਬਥੇਰੇ ਬਾਂਦਰ ਦੇਖੇ ਹੋਏ ਸਨ, ਪਰ ਫੇਰ ਵੀ ਉਹ ਇੱਥੋਂ ਦੇ ਬਾਂਦਰਾਂ ਦੀਆਂ ਹਰਕਤਾਂ ਵੀ ਦੇਖਣੀਆਂ ਚਾਹੁੰਦੇ ਸਨ।

'ਠੀਕ ਹੈ, ਸੱਤ ਬਚਨ!' ਇਹ ਕਹਿੰਦਿਆਂ ਸਰਬਜੀਤ ਨੇ ਕਾਰ ਬਾਂਦਰਾਂ ਵੱਲ ਦੇ ਰੂਟ 'ਤੇ ਪਾ ਦਿੱਤੀ।

ਅੱਗੇ ਤਾਂ ਟ੍ਰੈਫਿਕ ਜਾਮ ਲੱਗਿਆ ਹੋਇਆ ਸੀ। ਸਾਰੀਆਂ ਕਾਰਾਂ ਬਾਂਦਰਾਂ ਨੂੰ ਦੇਖਣ ਲਈ ਰੁਕੀਆਂ ਹੋਈਆਂ ਸਨ ਜਾਂ ਫਿਰ ਬਾਂਦਰਾਂ ਨੇ ਰੋਕੀਆਂ ਹੋਈਆਂ ਸਨ - ਇਹ ਕਹਿਣਾ ਮੁਸ਼ਕਲ ਸੀ।

'ਓਹ ਦੇਖੋ ਕਈ ਲੋਕ ਬਾਂਦਰਾਂ ਨੂੰ ਕੇਲੇ ਤੇ ਹੋਰ ਕੁਝ ਖਿਲਾ ਰਹੇ ਹਨ!' ਰਾਣੀ ਹੈਰਾਨੀ ਨਾਲ਼ ਬੋਲੀ।

'ਬਾਂਦਰਾਂ ਜਾਂ ਹੋਰ ਜਾਨਵਰਾਂ ਨੂੰ ਕੁਝ ਖਿਲਾਉਣਾ ਸਖਤ ਮਨ੍ਹਾ ਹੈ। ਪਰ ਫਿਰ ਵੀ ਲੋਕ ਨਹੀਂ ਹਟਦੇ। ਜਾਨਵਰਾਂ ਦੇ ਪੇਟ ਮਨੁੱਖੀ ਖਾਣੇ ਨਾਲ਼ ਖਰਾਬ ਹੋ ਜਾਂਦੇ ਹਨ।' ਸਰਬਜੀਤ ਨੇ ਦੱਸਿਆ।

ਬਾਂਦਰ ਮਜ਼ੇ ਨਾਲ਼ ਬੇਫ਼ਿਕਰ ਕਾਰਾਂ ਉੱਪਰ ਉੱਛਲ-ਕੁੱਦ ਮਚਾ ਰਹੇ ਸਨ। ਕਈ ਬਾਂਦਰ ਦਰਖਤਾਂ ਤੇ ਚੜ੍ਹੇ ਹੋਏ ਸਨ। ਇੱਕ ਬਾਂਦਰ ਉਨ੍ਹਾਂ ਦੀ ਕਾਰ ਉੱਪਰ ਚੜ੍ਹ ਆਇਆ - ਜਿਵੇਂ ਕੁਝ ਖਾਣ ਲਈ ਮੰਗ ਰਿਹਾ ਹੋਵੇ।

'ਸਾਡੇ ਕੋਲ਼ ਤੇਰੇ ਲਈ ਖਾਣ ਲਈ ਕੁਝ ਨਹੀਂ ਹੈ।' ਰਾਣੀ ਉੱਚੀ ਦੇਣੀਂ ਬੋਲੀ ਜਿਵੇਂ ਬਾਂਦਰ ਉਸ ਦੀ ਗੱਲ ਸੁਣ ਰਿਹਾ ਹੋਵੇ। ਉਹ ਛੇਤੀਂ ਹੀ ਛਾਲ ਮਾਰ ਕੇ ਨੇੜਲੇ ਦਰਖ਼ਤ 'ਤੇ ਚੜ੍ਹ ਗਿਆ।

ਬਾਂਦਰਾਂ ਦੀਆਂ ਹਰਕਤਾਂ ਦੇਖ ਕੇ ਉਹ ਖੂਬ ਹੱਸੇ ਤੇ ਉਨ੍ਹਾਂ ਦਾ ਵਧੀਆ ਮਨੋਰੰਜਨ ਹੋਇਆ।

ਬਾਂਦਰਾਂ ਦੇ ਇਲਾਕੇ ਵਿੱਚੋਂ ਨਿੱਕਲ ਕੇ ਉਹ ਜਿਰਾਫਾਂ ਦੇ ਖੇਤਰ ਵਿੱਚ ਪਹੁੰਚ ਗਏ। ਉੱਚੇ-ਲੰਮੇ ਜਿਰਾਫ ਦੇਖ ਕੇ ਉਹ ਬਹੁਤ ਖ਼ੁਸ਼ ਹੋਏ।

'ਵਾਹ! ਕਿੰਨਾ ਖੂਬਸੂਰਤ ਨਜ਼ਾਰਾ ਹੈ!' ਅਮਰਪ੍ਰੀਤ ਵੀ ਜਿਰਾਫ ਦੇਖ ਕੇ ਖ਼ੁਸ਼ ਹੋ ਰਿਹਾ ਸੀ।

ਇੱਕ ਜਿਰਾਫ ਉੱਚੇ-ਲੰਮੇ ਦਰਖ਼ਤ ਤੋਂ ਪੱਤੇ ਤੋੜ ਕੇ ਖਾ ਰਿਹਾ ਸੀ।

'ਇਸਦੀ ਗਰਦਨ ਕਿੰਨੀ ਲੰਮੀ ਹੈ।' ਰਾਣੀ ਹੈਰਾਨੀ ਨਾਲ਼ ਬੋਲੀ।

ਫੇਰ ਅੱਗੇ ਸੜਕ ਤੇ ਉਨ੍ਹਾਂ ਨੇ ਸ਼ੁਤਰਮੁਰਗ (Ostrich) ਦੇਖੇ ਜੋ ਮਿੱਟੀ ਵਿੱਚ ਆਪਣਾ ਸਿਰ ਖੁਰਕ ਰਹੇ ਸਨ, ਜਿਵੇਂ ਖਾਜ ਕਰ ਰਹੇ ਹੋਣ। ਕਈ ਸ਼ੁਤਰਮੁਰਗ ਕਾਰਾਂ ਨੂੰ ਦੇਖ ਕੇ ਤੇਜ਼ੀ ਨਾਲ਼ ਨੱਠਣ ਲੱਗੇ, ਪਰ ਇੱਕ ਦੋ ਸ਼ੁਤਰਮੁਰਗ ਉੱਥੇ ਖੜੇ ਰਹੇ, ਜਿਵੇਂ ਉਹ ਵੀ ਕੁਝ ਖਾਣ ਲਈ ਮੰਗ ਰਹੇ ਹੋਣ।

'ਕਿੰਨੇ ਵੱਡੇ ਪੰਛੀ! ਇਨ੍ਹਾਂ ਦੀਆਂ ਗਰਦਨਾਂ ਵੀ ਲੰਮੀਆਂ ਲੰਮੀਆਂ ਹਨ।' ਰਾਣੀ ਬੋਲੀ।

'ਹਾਂ , ਇਹ ਬਹੁਤ ਤੇਜ਼ ਭੱਜਦੇ ਹਨ, ਪਰ ਉਡ ਨਹੀਂ ਸਕਦੇ!'

ਅੱਗੇ ਜਾ ਕੇ ਉਨ੍ਹਾਂ ਨੇ ਹਾਥੀ, ਜੰਗਲੀ ਮੱਝਾਂ ਤੇ ਬਲਦ, ਨੀਲਗਾਇ, ਯਾਕ, ਅਲਪਾਕਾ, ਬਬੂਨ, ਗਿਬਨ, ਚਿੰਪੈਂਜ਼ੀ ਅਤੇ ਹੋਰ ਬਹੁਤ ਸਾਰੇ ਜਾਨਵਰ ਤੇ ਪੰਛੀ ਦੇਖੇ। ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ ਕਦੋਂ ਸਫ਼ਾਰੀ ਦਾ ਸਫ਼ਰ ਖਤਮ ਹੋ ਗਿਆ। ਪਰ ਵਿਲੱਖਣ ਕਿਸਮ ਦੀ ਸਫ਼ਾਰੀ ਨੂੰ ਦੇਖ ਕੇ ਉਨ੍ਹਾਂ ਨੂੰ ਖੂਬ ਅਨੰਦ ਆਇਆ।

ਜਿਵੇਂ ਹੀ ਉਹ ਵਾਪਸ ਗੇਟ ਕੋਲ਼ ਪਹੁੰਚੇ ਤਾਂ ਉੱਥੇ ਖਾਣ-ਪੀਣ ਦੀਆਂ ਦੁਕਾਨਾਂ ਤੇ ਬੱਚਿਆਂ ਦੇ ਖੇਡਣ ਲਈ ਇੱਕ ਬਹੁਤ ਵੱਡਾ ਤਲਾਬ ਸੀ ਜਿਸਦੇ ਵਿੱਚਕਾਰ ਇੱਕ ਫੁਹਾਰਾ ਸੀ। ਬਹੁਤ ਸਾਰੇ ਬੱਚੇ ਉਸ ਵਿੱਚ ਨਹਾ ਤੇ ਖੇਡ ਰਹੇ ਸਨ।

'ਮੈਂ ਵੀ ਪਾਣੀ ਵਿੱਚ ਖੇਡਣਾ।' ਰਾਣੀ ਚੀਕੀ।

'ਪਰ ਮੈਂ ਤੁਹਾਡੇ ਲਈ ਤੈਰਨ ਵਾਲ਼ੇ ਕੱਪੜੇ ਨਹੀਂ ਰੱਖੇ।' ਪ੍ਰੀਤੀ ਬੋਲੀ।

'ਕੋਈ ਗੱਲ ਨਹੀਂ, ਅਸੀਂ ਇੱਥੋਂ ਖਰੀਦ ਲੈਂਦੇ ਹਾਂ।' ਸਰਬਜੀਤ ਨੇ ਕਿਹਾ।

'ਪਰ ਇੱਥੇ ਤਾਂ ਮਹਿੰਗੇ ਹੋਣੇ ਹਨ।'

'ਨਹੀਂ, ਕੋਈ ਗੱਲ ਨਹੀਂ।'

ਉਨ੍ਹਾਂ ਨੇ ਰਾਣੀ ਤੇ ਮਿੰਟੂ ਲਈ ਦੋ ਤੈਰਨ ਵਾਲ਼ੇ ਲਿਬਾਸ (Swimming Costume) ਖਰੀਦ ਲਏ।

ਮਿੰਟੂ ਤੇ ਰਾਣੀ ਦੋਵਾਂ ਨੇ ਤਲਾਬ ਤੇ ਫੁਹਾਰੇ ਦਾ ਬਹੁਤ ਅਨੰਦ ਮਾਣਿਆ, ਜਦ ਤੱਕ ਉਹ ਥੱਕ ਨਹੀਂ ਗਏ ਤੇ ਉਨ੍ਹਾਂ ਨੂੰ ਭੁੱਖ ਨਹੀਂ ਲੱਗ ਗਈ।

'ਮੰਮੀ, ਮੈਨੂੰ ਬਹੁਤ ਜ਼ੋਰ ਦੀ ਭੁੱਖ ਲੱਗੀ ਹੈ।' ਰਾਣੀ ਭੱਜੀ-ਭੱਜੀ ਪ੍ਰੀਤੀ ਕੋਲ਼ ਆਈ।

'ਠੀਕ ਹੈ, ਆਓ ਖਾਈਏ।' ਪ੍ਰੀਤੀ ਨੇ ਪਿਕਨਿਕ ਟੇਬਲ 'ਤੇ ਖਾਣਾ ਪ੍ਰੋਸ ਦਿੱਤਾ। ਸਰਬਜੀਤ ਤੇ ਅਮਰਪ੍ਰੀਤ ਆਲੂ ਦੇ ਚਿਪਸ, ਸੋਡਾ ਤੇ ਚਾਹ-ਪਾਣੀ ਵੀ ਖਰੀਦ ਕੇ ਲੈ ਆਏ।


ਉਨ੍ਹਾਂ ਨੇ ਪਿਕਨਿਕ ਮਨਾਉਂਦਿਆਂ ਰੱਜ ਕੇ ਖਾਣ-ਪੀਣ ਕੀਤਾ।

'ਬਹੁਤ ਸੁਆਦ ਖਾਣਾ ਹੈ, ਮਜ਼ਾ ਆ ਗਿਆ।' ਰਾਣੀ ਖ਼ੁਸ਼ੀ ਨਾਲ਼ ਬੋਲੀ।

'ਭੁੱਖੇ ਪੇਟ ਤਾਂ ਸਭ ਕੁਝ ਚੰਗਾ ਲਗਦਾ ਹੈ।' ਪ੍ਰੀਤੀ ਨੇ ਕਿਹਾ।

ਖਾਣਾ ਖਾ ਕੇ ਚੱਲਣ ਤੋਂ ਪਹਿਲਾਂ ਉਨ੍ਹਾਂ ਨੇ ਯਾਦ ਵਾਸਤੇ ਇੱਕ ਸੋਵੀਨੀਅਰ ਵੀ ਖਰੀਦਿਆ।

ਜਿਵੇਂ ਹੀ ਉਨ੍ਹਾਂ ਨੇ ਘਰ ਵੱਲ ਨੂੰ ਚਾਲੇ ਪਾਏ ਰਾਣੀ ਨੇ ਕਿਹਾ - 'ਅੱਜ ਦਾ ਦਿਨ ਸਭ ਤੋਂ ਮਜ਼ੇਦਾਰ ਤੇ ਵਧੀਆ ਸੀ।'



ਮਿੰਟੂ ਤੇ ਬਾਕੀ ਸਭ ਨੇ 'ਹਾਂ' ਵਿੱਚ ਸਿਰ ਹਿਲਾਇਆ।

'ਆਪਣੇ ਚਾਚਾ ਜੀ ਦਾ ਧੰਨਵਾਦ ਕਰੋ, ਜੋ ਤੁਹਾਨੂੰ ਇੰਨੀ ਸੈਰ ਕਰਾ ਰਹੇ ਹਨ।' ਪ੍ਰੀਤੀ ਨੇ ਕਿਹਾ।

'ਧੰਨਵਾਦ ਚਾਚਾ ਜੀ!' ਮਿੰਟੂ ਤੇ ਰਾਣੀ ਦੋਵਾਂ ਨੇ ਇਕੱਠਿਆਂ ਕਿਹਾ।

'ਕੋਈ ਗੱਲ ਨਹੀਂ। ਇਹ ਤਾਂ ਮੇਰਾ ਫ਼ਰਜ਼ ਹੈ!'

ਦੂਰ ਖਿਤਿਜ 'ਤੇ ਸੰਗਤਰੀ ਭਾਹ ਬਿਖੇਰਦਾ ਹੋਇਆ, ਛੁਪ ਰਿਹਾ ਸੂਰਜ, ਬਹੁਤ ਹੀ ਮਨਮੋਹਕ ਦ੍ਰਿਸ਼ ਪੇਸ਼ ਕਰ ਰਿਹਾ ਸੀ। ਪਿੱਛੇ ਰਹਿ ਗਏ ਸਫ਼ਾਰੀ ਦੇ ਜੰਗਲ ਵਿੱਚ ਉਨ੍ਹਾਂ ਨੂੰ ਪੰਛੀਆਂ ਦੀ ਚਹਿਚਹਾਹਟ ਤੇ ਸ਼ੇਰਾਂ ਦੀ ਦਹਾੜ ਦੀ ਕਨਸੋਅ ਪੈਂਦੀ ਲੱਗ ਰਹੀ ਸੀ।

'ਹੁਣ ਅਸੀਂ ਸ਼ਬਦ-ਕੀਰਤਨ ਸੁਣਦੇ ਹਾਂ ਤੇ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ।' ਅਮਰਪ੍ਰੀਤ ਨੇ ਕਿਹਾ, ਇਸ ਤੋਂ ਪਹਿਲਾਂ ਬੱਚੇ ਪੰਜਾਬੀ ਗਾਣੇ ਲਗਾਉਣ ਦੀ ਮੰਗ ਕਰਨ।

*****

ਕੈਨੇਡਾ ਆਇਆਂ ਨੂੰ ਉਨ੍ਹਾਂ ਨੂੰ ਚਾਰ ਹਫ਼ਤਿਆਂ ਤੋਂ ਵੱਧ ਹੋ ਚੁੱਕੇ ਸਨ। ਅਮਰਪ੍ਰੀਤ ਤਾਂ ਆਪਣੇ ਕੰਮ ਵਿੱਚ ਰੁੱਝ ਗਿਆ ਸੀ, ਸ਼ਾਮ ਤੱਕ ਥੱਕ ਜਾਂਦਾ ਸੀ ਤੇ ਜਲਦੀ ਸੌਂ ਜਾਂਦਾ ਸੀ। ਸਰਬਜੀਤ ਵੀ ਕੰਮ ਤੋਂ ਥੱਕਿਆ ਆਉਂਦਾ ਸੀ। ਪਰ ਉਸ ਲਈ ਬੜੇ ਸੁੱਖ ਦੀ ਗੱਲ ਸੀ ਕਿ ਭਾਬੀ ਦਾ ਬਣਾਇਆ ਸਵਾਦਲਾ ਭੋਜਨ ਮਿਲਦਾ ਸੀ। ਪਰ ਪ੍ਰੀਤੀ, ਮਿੰਟੂ ਤੇ ਰਾਣੀ ਘਰ ਬੈਠੇ ਥੋੜ੍ਹੇ ਬੋਰ ਹੋ ਰਹੇ ਸਨ। ਉਹ ਕਿੰਨੀ ਕੁ ਦੇਰ ਟੀਵੀ ਦੇਖ ਸਕਦੇ ਸੀ ਜਾਂ ਕਿਤਾਬਾਂ ਪੜ੍ਹ ਸਕਦੇ ਸੀ। ਸ਼ਾਮ ਨੂੰ ਉਹ ਬਾਹਰ ਸੈਰ ਕਰਨ ਜਾਂਦੇ ਸਨ ਪਰ ਇਸਤੋਂ ਇਲਾਵਾ ਉਹ ਦਿਨ ਵਿੱਚ ਹੋਰ ਕਿਤੇ ਨਹੀਂ ਜਾ ਸਕਦੇ ਸੀ। ਇੱਥੇ ਪੰਜਾਬ ਵਾਂਗ ਖੁੱਲ੍ਹ-ਡੁੱਲ੍ਹ ਨਹੀਂ ਸੀ ਕਿ ਕਿਤੇ ਵੀ ਜਦੋਂ ਮਰਜ਼ੀ ਚਲੇ ਜਾਓ। ਬੱਸ-ਸਟੈਂਡ ਉਨ੍ਹਾਂ ਦੇ ਅਪਾਰਟਮੈਂਟ ਤੋਂ ਥੋੜੀ ਦੂਰ ਸੀ - ਤਕਰੀਬਨ ਮੀਲ ਕੁ। ਟੈਕਸੀ ਦਾ ਕਿਰਾਇਆ ਬਹੁਤ ਜ਼ਿਆਦਾ ਸੀ। ਇਸ ਲਈ ਉਹ ਹਰ ਵਕਤ 'ਵੀਕਐਂਡ' ਦਾ ਇੰਤਜ਼ਾਰ ਕਰਦੇ ਰਹਿੰਦੇ ਸੀ। ਉਹ ਮਹਿਸੂਸ ਕਰ ਸਕਦੇ ਸੀ ਕਿ ਪੰਜਾਬ ਤੋਂ ਆਏ ਮਾਪਿਆਂ ਤੇ ਬਜ਼ੁਰਗਾਂ ਦਾ ਇੱਥੇ ਮਨ ਕਿਓਂ ਨਹੀਂ ਲਗਦਾ? ਕੋਈ ਕਿੰਨੀ ਕੁ ਦੇਰ ਘਰ ਦੇ ਅੰਦਰ ਵਿਹਲਾ ਬੈਠਾ ਰਹਿ ਸਕਦਾ ਹੈ? ਇੱਥੇ ਹਰ ਇੱਕ ਵਿਅਕਤੀ ਨੂੰ ਕੰਮ ਕਰਨਾ ਪੈਦਾ ਸੀ। ਲੋਕ ਜੁੰਡਲੀਆਂ ਬਣਾ ਕੇ ਫਾਲਤੂ ਗੱਲਾਂ ਕਰਕੇ ਆਪਣਾ ਕੀਮਤੀ ਵਕਤ ਜਾਇਆ ਨਹੀਂ ਸੀ ਕਰਨਾ ਚਾਹੁੰਦੇ। ਇੱਥੇ ਲੋਕ ਕੰਮ ਵਿੱਚ ਇੰਨੇ ਰੁੱਝੇ ਹੋਏ ਹੁੰਦੇ ਹਨ ਕਿ ਕਿਸੇ ਕੋਲ਼ ਮਿਲਣ ਲਈ ਵੀ ਵਕਤ ਨਹੀਂ ਹੁੰਦਾ। ਲੋਕ ਸਿਰਫ਼ 'ਵੀਕਐਂਡ' ਤੇ ਹੀ ਮਿਲਦੇ ਸਨ। ਇਸ ਕਰਕੇ ਉਹ ਕਿਸੇ ਹੋਰ ਰਿਸ਼ਤੇਦਾਰ ਨੂੰ ਮਿਲ਼ ਵੀ ਨਹੀਂ ਸੀ ਸਕਦੇ। ਬਹੁਤੇ ਲੋਕ ਤਾਂ 'ਵੀਕਐਂਡ' ਤੇ ਰਾਤਾਂ ਨੂੰ ਵੀ ਕੰਮ ਕਰਦੇ ਹਨ। ਦੋ-ਦੋ ਤਿੰਨ-ਤਿੰਨ ਕੰਮ ਵੀ ਕਰਦੇ ਹਨ, ਕਿਉਂਕਿ ਬਿਨਾ ਪੈਸੇ ਦੇ ਇੱਥੇ ਜੀਣਾ ਦੁਰਕਾਰ ਸੀ। ਪੈਸੇ ਤੋਂ ਬਿਨਾ ਬੰਦੇ ਦੀ ਕੋਈ ਕੀਮਤ ਨਹੀਂ ਸੀ। ਹਾਲਾਂਕਿ ਕੈਨੇਡਾ ਸਰਕਾਰ ਵਲੋਂ ਲੋਕਾਂ ਨੂੰ ਪੈਨਸ਼ਨ ਜਾਂ ਹੋਰ ਭੱਤੇ ਵੀ ਮਿਲ਼ਦੇ ਸਨ ਤੇ ਮੁਫ਼ਤ ਡਾਕਟਰੀ ਸਹਾਇਤਾ ਵੀ ਸੀ, ਪਰ ਉਹ ਸਹੂਲਤ ਸਿਰਫ਼ ਕੈਨੇਡਾ ਦੇ ਨਾਗਰਿਕਾਂ ਤੇ ਪੱਕੇ ਲੋਕਾਂ ਲਈ ਹੀ ਹੁੰਦੀ ਹੈ। ਕੱਚੇ ਤੇ ਸੈਰ ਕਰਨ ਆਏ ਯਾਤਰੀਆਂ ਨੂੰ ਮੈਡੀਕਲ ਬੀਮਾ ਆਪਣੇ ਖਰਚੇ 'ਤੇ ਹੀ

ਲੈਣਾ ਪੈਂਦਾ ਸੀ ਜੋ ਕਿ ਕਾਫ਼ੀ ਮਹਿੰਗਾ ਸੀ। ਮੁੱਕਦੀ ਗੱਲ ਕੈਨੇਡਾ ਇੱਕ ਮਿੱਠੀ ਜੇਲ ਹੈ, ਜਿੱਥੇ ਸਭ ਤਰ੍ਹਾਂ ਦੀਆਂ ਸਹੂਲਤਾਂ ਹਨ, ਜਿਸਦੇ ਇਮੀਗ੍ਰੈਂਟ ਲੋਕ ਆਦੀ ਹੋ ਜਾਂਦੇ ਹਨ ਤੇ ਉਨ੍ਹਾਂ ਨੂੰ ਛੱਡ ਕੇ ਵਾਪਸ ਨਹੀਂ ਪਰਤ ਸਕਦੇ!

ਫੇਰ ਵੀ ਦਿਨ ਬੀਤਦੇ ਜਾ ਰਹੇ ਸਨ ...। ਆਉਣ ਵਾਲ਼ੇ 'ਵੀਕਐਂਡ' ਵਿੱਚ ਉਹ ਓਨਟੈਰੀਓ ਝੀਲ ਦੇ ਕਿਨਾਰੇ ਬਣਿਆ ਬੀਚ, ਸ਼ਾਪਿੰਗ ਮਾਲ ਤੇ ਹੋਰ ਮਸ਼ਹੂਰ ਥਾਵਾਂ ਦੇਖਣੇ ਗਏ। ਇੰਨੀਆਂ ਖੂਬਸੂਰਤ ਥਾਵਾਂ ਦੇਖ ਕੇ ਉਨ੍ਹਾਂ ਦਾ ਮਨ ਗਦਗਦ ਹੋ ਗਿਆ ਸੀ ਤੇ ਉਸ ਵਿੱਚ ਸਦਾ ਲਈ ਮਿੱਠੀਆਂ ਯਾਦਾਂ ਵੱਸ ਗਈਆਂ ਸਨ।

ਪਰ ਅਜੇ ਟਰੋਂਟੋ ਸ਼ਹਿਰ ਦੇਖਣਾ ਰਹਿ ਗਿਆ ਸੀ। ਉਨ੍ਹਾਂ ਨੇ ਇੱਕ ਦਿਨ ਸ਼ਨੀਵਾਰ ਨੂੰ ਟਰੋਂਟੋ ਡਾਊਨਟਾਊਨ ਤੇ ਸੀ.ਐਨ. ਟਾਵਰ ਦੇਖਣ ਦਾ ਪ੍ਰੋਗਰਾਮ ਬਣਾਇਆ। ਟਰੋਂਟੋ ਡਾਊਨਟਾਊਨ (Downtown) ਉਨ੍ਹਾਂ ਦੇ ਅਪਾਰਟਮੈਂਟ ਤੋਂ ਕਾਰ ਰਾਹੀਂ ਤਕਰੀਬਨ ਪੌਣੇ ਕੁ ਘੰਟੇ ਦਾ ਰਸਤਾ ਸੀ। ਮਿੰਟੂ ਤੇ ਰਾਣੀ ਕਾਰ ਦੇ ਵਿੱਚੋਂ ਦੂਰ ਦਿਖਦੀਆਂ ਅਸਮਾਨ ਨੂੰ ਛੂੰਹਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਵੇਖ ਰਹੇ ਸਨ। ਜਿਵੇਂ ਜਿਵੇਂ ਕਾਰ ਸ਼ਹਿਰ ਦੇ ਕੋਲ਼ ਪਹੁੰਚਦੀ ਗਈ, ਉਹ ਉੱਚੀਆਂ ਇਮਾਰਤਾਂ ਨੇੜੇ ਆਉਂਦੀਆਂ ਗਈਆਂ। ਨੇੜੇ ਤੋਂ ਉਹ ਇਮਾਰਤਾਂ ਹੋਰ ਵੀ ਉੱਚੀਆਂ ਦਿੱਖ ਰਹੀਆਂ ਸਨ ਤੇ ਸੁੰਦਰ ਸਕਾਈਲਾਈਨ (Skyline) ਬਣਾ ਰਹੀਆਂ ਸਨ। ਕਾਰ ਪਾਰਕ ਕਰ ਕੇ ਉਹ ਪਹਿਲਾਂ ਥੋੜ੍ਹੀ ਦੇਰ ਵਿੱਚ ਘੁੰਮਦੇ ਰਹੇ ਤੇ ਤਰ੍ਹਾਂ-ਤਰ੍ਹਾਂ ਦੀਆਂ ਸਜੀਆਂ ਹੋਈਆਂ ਦੁਕਾਨਾਂ ਦੇਖਦੇ ਰਹੇ, ਜਿਵੇਂ ਕਿ ਇਲੈਕਟ੍ਰੋਨਿਕਸ, ਕੱਪੜੇ, ਖਿਡੌਣੇ ਆਦਿ ਦੀਆਂ ਦੁਕਾਨਾਂ।

'ਮੈਂ ਇੱਕ ਗੁੱਡੀ ਖਰੀਦਣੀ ਹੈ।' ਰਾਣੀ ਖਿਡੌਣਿਆਂ ਦੀਆਂ ਦੁਕਾਨਾਂ ਦੇਖ ਕੇ ਕਹਿਣ ਲੱਗ ਪਈ।

'ਬੇਟੇ, ਬਾਅਦ ਵਿੱਚ ਲੈ ਦਿਆਂਗੇ।' ਪ੍ਰੀਤੀ ਨੇ ਕਿਹਾ।

ਪਰ ਉਹ ਜ਼ਿਦ ਤੇ ਅੜੀ ਰਹੀ। ਸਰਬਜੀਤ ਤੇ ਅਮਰਪ੍ਰੀਤ ਨੇ ਉਸ ਨੂੰ ਉਸ ਦੇ ਪਸੰਦ ਦੀ ਇੱਕ ਬਾਰਬੀ ਡੌਲ ਲੈ ਦਿੱਤੀ। ਇੱਥੇ ਸਭ ਕੁਝ ਬਹੁਤ ਮਹਿੰਗਾ ਸੀ। ਇਸ ਕਰਕੇ ਮਿੰਟੂ ਨੇ ਕੁਝ ਵੀ ਨਹੀਂ ਲੈਣਾ ਠੀਕ ਸਮਝਿਆ। ਉਹ ਖ਼ੁਸ਼ ਸੀ ਕਿ ਉਹ ਇੰਨੇ ਆਲੀਸ਼ਾਨ ਇਲਾਕੇ ਵਿੱਚ ਘੁੰਮ ਰਿਹਾ ਸੀ। ਰਾਣੀ ਗੁੱਡੀ ਲੈ ਕੇ ਬਹੁਤ ਖ਼ੁਸ਼ ਸੀ।

ਉਨ੍ਹਾਂ ਦੇ ਸਾਹਮਣੇ ਸੀ. ਐਨ. ਟਾਵਰ ਸੀ, ਜੋ ਦੁਨੀਆਂ ਦੇ ਸਭ ਤੋਂ ਉੱਚੇ ਟਾਵਰਾਂ ਵਿੱਚੋਂ ਇੱਕ ਸੀ। ਉਹ ਪੌੜੀਆਂ ਚੜ੍ਹ ਕੇ ਟਾਵਰ ਦੇ ਮੁੱਖ ਦਰਵਾਜ਼ੇ ਕੋਲ਼ ਪਹੁੰਚ ਗਏ। ਉਨ੍ਹਾਂ ਨੇ ਟਿਕਟਾਂ ਲਈਆਂ ਤੇ ਸਕਿਊਰਿਟੀ ਚੈੱਕ ਕਰਵਾ ਕੇ ਲਾਈਨ ਦੇ ਵਿੱਚ ਖੜ ਗਏ। ਸਤੰਬਰ 2002 ਵਿੱਚ ਨਿਊ ਯੌਰਕ, ਅਮਰੀਕਾ ਦੇ ਟਵਿੰਨ ਟਾਵਰਜ਼ 'ਤੇ ਹੋਏ ਖ਼ੂਨੀ ਅੱਤਵਾਦੀ ਹਮਲੇ ਤੋਂ ਬਾਅਦ ਹਰ ਮਹਤਵਪੂਰਣ ਜਗ੍ਹਾ ਤੇ ਸਕਿਊਰਿਟੀ ਚੈੱਕ ਜ਼ਰੂਰ ਹੁੰਦਾ ਸੀ। ਅੰਦਰ ਲਾਈਨ ਬਹੁਤ ਹੀ ਲੰਮੀ ਸੀ, ਉਨ੍ਹਾਂ ਦੇ ਅੱਗੇ ਤਕਰੀਬਨ ਹਜ਼ਾਰ ਕੁ ਲੋਕ ਹੋਣਗੇ।

'ਇਸ ਤਰ੍ਹਾਂ ਤਾਂ ਸਾਡੀ ਵਾਰੀ ਸ਼ਾਮ ਤੀਕ ਹੀ ਆਵੇਗੀ।' ਅਮਰਪ੍ਰੀਤ ਨੇ ਸਰਬਜੀਤ ਨੂੰ ਕਿਹਾ।

'ਹਾਂ, ਕਿਉਂਕਿ ਉੱਪਰ ਲਿਫ਼ਟ ਰਾਹੀਂ ਜਾਣਾ ਪੈਂਦਾ ਹੈ ਜਿਸ ਵਿੱਚ ਥੋੜ੍ਹੇ ਲੋਕ ਹੀ ਜਾ ਸਕਦੇ ਹਨ , ਇਸ ਕਰਕੇ ਲਾਈਨ ਬਹੁਤ ਲੰਬੀ ਹੈ। ਪਰ ਚੰਗੀ ਗੱਲ ਇਹ ਹੈ ਕਿ ਅਸੀਂ ਦਿਨ ਤੇ ਸ਼ਾਮ ਦਾ ਵਿਊ (View) ਦੇਖ ਸਕਾਂਗੇ ਜੋ ਕਿ ਬਹੁਤ ਹੀ ਵਧੀਆ ਹੁੰਦਾ ਹੈ।'

ਬਹੁਤ ਹੀ ਲੰਬੀ ਲਾਈਨ ਸੀ। ਪਰ ਮਿੰਟੂ ਖ਼ੁਸ਼ ਸੀ ਕਿ ਉਸ ਨੂੰ ਦੀਵਾਰਾਂ ਤੇ ਲੱਗੀਆਂ ਤਸਵੀਰਾਂ ਤੋਂ ਟਾਵਰ ਦਾ ਇਤਿਹਾਸ ਪੜ੍ਹਨ ਦਾ ਸਮਾਂ ਮਿਲ਼ ਰਿਹਾ ਸੀ। ਰਾਣੀ ਆਪਣੀ ਬਾਰਬੀ ਡੌਲ ਨਾਲ਼ ਖ਼ੁਸ਼ ਸੀ। ਅਮਰਪ੍ਰੀਤ, ਸਰਬਜੀਤ ਤੇ ਪ੍ਰੀਤੀ ਆਪਸ ਵਿੱਚ ਗੱਲਾਂ ਮਾਰ ਰਹੇ ਸਨ।

ਮਿੰਟੂ ਸੀ.ਐਨ. ਟਾਵਰ ਦੇ ਬਾਰੇ ਬੜੇ ਸ਼ੌਂਕ ਨਾਲ਼ ਪੜ੍ਹ ਰਿਹਾ ਸੀ - 553.5 ਮੀਟਰ (1815.5 ਫੁੱਟ) ਉੱਚਾ, 1976 ਵਿੱਚ ਬਣਿਆ ਟਾਵਰ ਦੂਰਸੰਚਾਰ ਤੇ ਨਿਰੀਖਣ ਕਰਨ ਲਈ ਬਣਾਇਆ ਗਿਆ ਸੀ। ਸੀ.ਐਨ. (CN) ਦਾ ਮਤਲਬ ਕਨੇਡੀਅਨ ਨੈਸ਼ਨਲ ਸੀ ਜੋ ਕਿ ਰੇਲਵੇ ਕੰਪਨੀ ਦਾ ਨਾਂ ਸੀ ਜਿਸ ਨੇ ਇਹ ਟਾਵਰ ਕੈਨੇਡਾ ਸੀਮੈਂਟ ਕੰਪਨੀ ਤੋਂ ਬਣਵਾਇਆ ਸੀ। 32 ਸਾਲ ਤੱਕ ਇਹ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਰਿਹਾ ਸੀ ਤੇ ਹੁਣ ਦੁਬਈ ਦੇ ਬੁਰਜ-ਖਲੀਫ਼ਾ ਨੇ ਇਸਦਾ ਰਿਕਾਰਡ ਤੋੜ ਦਿੱਤਾ ਹੈ। ਪਰ ਧਰਤੀ ਦੇ ਪੱਛਮੀ ਅਰਧਗੋਲੇ ਵਿੱਚ ਇਹ ਅਜੇ ਵੀ ਸਭ ਤੋਂ ਉੱਚਾ ਟਾਵਰ ਹੈ। ਇਹ ਕੋਈ ਆਮ ਇਮਾਰਤ ਨਹੀਂ ਸਗੋਂ ਟਾਵਰ ਹੈ ਕਿਉਂਕਿ ਇਸ ਵਿੱਚ ਮੰਜ਼ਲਾਂ ਤੇ ਰਹਿਣ ਲਈ ਅਪਾਰਟਮੈਂਟ ਜਾਂ ਦਫ਼ਤਰ ਨਹੀਂ ਹਨ। ਇਹ ਤਕੜੇ ਤੋਂ ਤਕੜੇ ਭੁਚਾਲ ਵਿੱਚ ਵੀ ਅਡੋਲ ਰਹਿ ਸਕਦਾ ਹੈ!

ਉਹ ਇੰਤਜ਼ਾਰ ਕਰਕੇ ਥੱਕ ਚੁੱਕੇ ਸਨ, ਪਰ ਉੱਪਰ ਜਾ ਕੇ ਦੇਖਣ ਦਾ ਉਤਸ਼ਾਹ ਉਨ੍ਹਾਂ ਨੂੰ ਤਜ਼ਾਦਮ ਰੱਖ ਰਿਹਾ ਸੀ। ਤਕਰੀਬਨ ਦੋ ਕੁ ਘੰਟੇ ਬਾਅਦ ਉਨ੍ਹਾਂ ਦਾ ਉੱਪਰ ਲੈ ਕੇ ਜਾਣ ਵਾਲ਼ੀ ਲਿਫਟ ਤੱਕ ਪਹੁੰਚਣ ਦੀ ਵਾਰੀ ਆਈ। ਉਹ ਲਿਫ਼ਟ ਦੇ ਅੰਦਰ ਪਹੁੰਚ ਗਏ, ਲਿਫ਼ਟ ਪੂਰੀ ਸ਼ੀਸ਼ੇ ਦੇ ਬਣੀ ਹੋਈ ਸੀ ਤੇ ਉਹ ਬਾਹਰ ਦਾ ਨਜ਼ਾਰਾ ਦੇਖ ਸਕਦੇ ਸੀ, ਤੇ ਜਦੋਂ 'ਜ਼ੂਮ' ਕਰਦੀ ਲਿਫ਼ਟ ਇੰਨੀ ਤੇਜ਼ ਸਪੀਡ ਨਾਲ਼ ਚੱਲੀ ਤਾਂ ਉਨ੍ਹਾਂ ਦੇ ਦਿਲ ਘਾਂਉ-ਮਾਊਂ ਕਰਨ ਲੱਗੇ  ਤੇ ਉਨ੍ਹਾਂ ਦੇ ਕੰਨ ਤੇਜ਼ ਦਬਾਅ ਦੇ ਨਾਲ਼ ਫਟਣ ਨੂੰ ਲੱਗੇ। ਬਾਹਰ ਦੀਆਂ ਇਮਾਰਤਾਂ ਛੋਟੀਆਂ ਤੋਂ ਛੋਟੀਆਂ ਦਿਖਾਈ ਦੇਣ ਲੱਗੀਆਂ। ਭਾਵੇਂ ਉਹ ਲਿਫ਼ਟ ਦੇ ਅੰਦਰ ਸੁਰੱਖਿਅਤ ਸਨ, ਪਰ ਫਿਰ ਵੀ ਬਾਹਰ ਸ਼ੀਸ਼ੇ ਵਿੱਚੋਂ ਥੱਲੇ ਦੇਖ ਕੇ ਮਿੰਟੂ ਨੂੰ ਡਰ ਲੱਗ ਰਿਹਾ ਸੀ। ਇੱਕ ਮਿੰਟ ਦੇ ਵਿੱਚ ਲਿਫ਼ਟ ਉੱਪਰ ਪਹੁੰਚ ਗਈ ਸੀ।

'ਵਾਹ!' ਉੱਪਰ ਦਾ ਨਜ਼ਾਰਾ ਦੇਖ ਕੇ ਉਨ੍ਹਾਂ ਦੇ ਮੂੰਹੋ ਆਪ-ਮੁਹਾਰੇ ਹੈਰਾਨੀ ਭਰਿਆ ਸ਼ਬਦ ਨਿੱਕਲਿਆ - 'ਇੰਝ ਲੱਗ ਰਿਹਾ ਕਿ ਅਸੀਂ ਰੱਬ ਦੀ ਧੁੰਨੀ ਵਿੱਚ ਪਹੁੰਚ ਗਏ ਹੋਈਏ!'

'ਕਿੰਨਾ ਸੋਹਣਾ ਸ਼ਹਿਰ ਦਿਖ ਰਿਹਾ ਹੈ!' ਰਾਣੀ ਖ਼ੁਸ਼ੀ ਨਾਲ਼ ਚਹਿਕ ਕੇ ਬੋਲੀ।

'ਹਾਂ, ਪੂਰਾ 360 ਡਿਗਰੀ ਦ੍ਰਿਸ਼!' ਮਿੰਟੂ ਨੇ ਕਿਹਾ - ਅਸੀਂ 114ਵੀਂ ਮੰਜ਼ਲ 'ਤੇ ਹਾਂ।'

ਪੂਰਾ ਚੱਕਰ ਲਗਾ ਕੇ ਉਨ੍ਹਾਂ ਨੇ ਬਾਹਰ ਦਾ ਅਲੌਕਿਕ ਨਜ਼ਾਰਾ ਦੇਖਿਆ। ਪੂਰਾ ਟਰੋਂਟੋ ਸ਼ਹਿਰ, ਓਨਟੈਰੀਓ ਝੀਲ ਤੇ ਹੋਰ ਥਾਵਾਂ ਦੂਰ ਤੱਕ ਵਿਛੀਆਂ ਹੋਈਆਂ ਦਿਖ ਰਹੀਆਂ ਸਨ।

'ਮੈਨੂੰ ਯਕੀਨ ਨਹੀਂ ਹੋ ਰਿਹਾ ਕਿ ਅਸੀਂ ਸੱਚਮੁੱਚ ਇੰਨੇ ਉੱਚੇ ਪਹੁੰਚ ਚੁੱਕੇ ਹਾਂ। ਸਰਬਜੀਤ ਨੇ ਸਭ ਤੋਂ ਵਧੀਆ ਜਗ੍ਹਾ ਸਭ ਤੋਂ ਬਾਅਦ ਵਿੱਚ ਦਿਖਾਉਣ ਲਈ ਪਲੈਨ ਬਣਾਇਆ ਹੋਇਆ ਸੀ।' ਪ੍ਰੀਤੀ ਹੈਰਾਨੀ ਨਾਲ਼ ਕਹਿ ਰਹੀ ਸੀ।

ਸਰਬਜੀਤ ਨਿੰਮਾ ਜਿਹਾ ਮੁਸਕਰਾਇਆ।

'ਵੀਰੇ ਤੈਨੂੰ ਪਤੈ ਮੈਂ ਇੱਥੋਂ ਉੱਪਰੋਂ ਦੂਰ ਆਪਣਾ ਅਪਾਰਟਮੈਂਟ ਦੇਖ ਸਕਦੀ ਹਾਂ!' ਰਾਣੀ ਨੇ ਮਿੰਟੂ ਨੂੰ ਮਜ਼ਾਕ ਕਰਦਿਆਂ ਕਿਹਾ।

'ਮੈਨੂੰ ਲਗਦੈ ਤੂੰ ਅਪਾਰਟਮੈਂਟ ਨਹੀਂ ਇੱਥੋਂ ਨੌਰਥ ਪੋਲ 'ਤੇ ਸੈਂਟਾ ਦੀ ਵਰਕਸ਼ਾਪ ਜ਼ਰੂਰ ਦੇਖ ਰਹੀ ਹੋਵੇਂਗੀ ਤੇ ਆਪਣੇ ਲਈ ਲਿਆਉਣ ਵਾਲੇ ਤੋਹਫ਼ੇ ਬਾਰੇ ਸੋਚ ਰਹੀ ਹੋਵੇਂਗੀ!'

'ਕਾਸ਼! ਮੈਂ ਉਹ ਦੇਖ ਸਕਦੀ।'

'ਆਓ ਹੁਣ ਤੁਹਾਨੂੰ ਇੱਥੋਂ ਦੀ ਸਭ ਤੋਂ ਖ਼ਾਸ ਜਗ੍ਹਾ ਦਿਖਾਵਾਂ।' ਸਰਬਜੀਤ ਉਨ੍ਹਾਂ ਨੂੰ ਲੈ ਕੇ ਉੱਥੋਂ ਦੇ ਸੰਸਾਰ-ਪ੍ਰਸਿੱਧ ਸ਼ੀਸ਼ੇ ਦੇ ਫ਼ਰਸ਼ ਨੂੰ ਦੇਖਣ ਲਈ ਲੈ ਕੇ ਗਿਆ।

'ਓਹੋ, ਇੱਥੋਂ ਤਾਂ ਥੱਲੇ ਸਭ ਕੁਝ ਦਿਖਦਾ ਹੈ।' ਪ੍ਰੀਤੀ ਨੇ ਸ਼ੀਸ਼ੇ ਦੇ ਫ਼ਰਸ਼ ਤੋਂ ਥੱਲੇ ਦੇਖਦਿਆਂ ਕਿਹਾ - 'ਮੈਨੂੰ ਤਾਂ ਡਰ ਲਗਦਾ ਹੈ।'

'ਨਹੀਂ, ਇਹ ਤਾਂ ਤੁਹਾਡੇ ਮਨ ਦਾ ਡਰ ਹੈ। ਇਹ ਸ਼ੀਸ਼ਾ ਇੰਨਾ ਪੱਕਾ ਹੈ ਕਿ ਇਸ ਉੱਤੇ ਹਾਥੀ ਵੀ ਖੜ ਸਕਦਾ ਹੈ।' ਸਰਬਜੀਤ ਨੇ ਕਿਹਾ। ਅਮਰਪ੍ਰੀਤ, ਮਿੰਟੂ ਤੇ ਰਾਣੀ ਸ਼ੀਸ਼ੇ ਦੇ ਉੱਪਰੋਂ ਚੱਲ ਇਕ ਦੂਜੇ ਪਾਸੇ ਵੀ ਪਹੁੰਚ ਗਏ ਸਨ।

ਪ੍ਰੀਤੀ ਨੂੰ ਥੋੜ੍ਹਾ ਸਮਾਂ ਲੱਗਿਆ ਪਰ ਉਹ ਹੌਲ਼ੀ ਹੌਲ਼ੀ ਬਿਨਾ ਹੇਠਾਂ ਦੇਖੇ ਫ਼ਰਸ਼ 'ਤੇ ਚੱਲ ਰਹੀ ਸੀ। ਸਰਬਜੀਤ ਵੀ ਉਸ ਦੇ ਨਾਲ਼ ਹੀ ਸੀ।

'ਅਸਲ ਵਿੱਚ ਇਸਦੇ ਥੱਲੇ ਦੀ ਮੰਜ਼ਲ ਤੇ ਇੱਕ ਹੋਰ ਸ਼ੀਸ਼ੇ ਦਾ ਫ਼ਰਸ਼ ਹੈ, ਜਿਸ ਦੇ ਵਿੱਚੋਂ ਦੀ ਅਸੀਂ ਦੇਖ ਰਹੇ ਹਾਂ। ਇਸ ਕਰਕੇ ਡਰਨ ਦੀ ਬਹੁਤੀ ਗੱਲ ਨਹੀਂ। ਇਹੀ ਇੱਥੋਂ ਦਾ ਸਭ ਤੋਂ ਸਨਸਨੀ ਭਰਿਆ ਨਜ਼ਾਰਾ ਹੈ ਜੋ ਤੁਹਾਡੇ ਸਰੀਰ ਵਿੱਚ ਝਰਨਾਹਟਾਂ ਛੇੜ ਦਿੰਦਾ ਹੈ!' ਸਰਬਜੀਤ ਉਨ੍ਹਾਂ ਨੂੰ ਜੋਸ਼ ਨਾਲ਼ ਦੱਸ ਰਿਹਾ ਸੀ - 'ਜੇ ਤੁਸੀਂ ਹੋਰ ਵੀ ਸਨਸਨੀਖੇਜ਼ ਮਨੋਰੰਜਨ ਕਰਨਾ ਹੈ ਤਾਂ ਬਾਹਰ ਬਾਜ਼ੀਗਰ ਵਾਂਗ 'ਐੱਜ ਵਾਕ (Edge Walk)' ਵੀ ਕਰ ਸਕਦੇ ਹੋ।'

'ਓ ਹੋ ਨਹੀਂ! ਮੈਂ ਤਾਂ ਮਰ ਜਾਵਾਂਗੀ। ਲੋਕ ਕਿਵੇਂ ਕਰ ਲੈਂਦੇ ਹਨ। ਪਾਗਲ ਹੁੰਦੇ ਹੋਣੇ ਨੇ।' ਪ੍ਰੀਤੀ ਨੇ ਕਿਹਾ।

'ਪਾਗਲ ਜਾਂ ਸਾਹਸੀ! ਪਰ 200 ਡਾਲਰ ਤੋਂ ਵੀ ਉੱਪਰ ਲਗਦੇ ਹਨ।'

ਉਸਤੋਂ ਬਾਅਦ ਉਹ ਬਾਹਰ ਖੁੱਲ੍ਹੇ ਅਸਮਾਨ ਵਿੱਚ ਗਏ, ਜਿੱਥੇ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਪੱਕੀ ਧਾਤ ਦੀ ਵਾੜ ਲੱਗੀ ਹੋਈ ਸੀ। ਬਹੁਤ ਤੇਜ਼ ਹਵਾਵਾਂ ਚੱਲ ਰਹੀਆਂ ਸਨ।

'ਓਹ ਕਿੰਨੀ ਤੇਜ਼ ਹਵਾ ਤੇ ਠੰਡ ਹੈ!' ਰਾਣੀ ਆਪਣੀ ਮੰਮੀ ਨਾਲ਼ ਚਿੰਬੜੀ ਹੋਈ ਕਹਿ ਰਹੀ ਸੀ।

'ਇੰਝ ਲੱਗ ਰਿਹਾ ਹੈ ਜਿਵੇਂ ਹਵਾ ਨਾਲ਼ ਟਾਵਰ ਵੀ ਹਿੱਲ ਰਿਹਾ ਹੋਵੇ!' ਮਿੰਟੂ ਬੋਲਿਆ।

'ਉਂਵੇ ਹੀ ਲਗਦਾ ਹੈ। ਪਰ ਜੇ ਅਸੀਂ ਉੱਪਰ 33 ਮੰਜ਼ਲ ਹੋਰ 'ਸਕਾਈ ਪੌਂਡ' 'ਤੇ ਜਾਈਏ ਤਾਂ ਉਹ ਸੱਚਮੁੱਚ ਹੀ ਹਿੱਲਦਾ ਹੈ!' ਸਰਬਜੀਤ ਨੇ ਦੱਸਿਆ - 'ਚਲੋ, ਆਓ ਹੁਣ ਅਸੀਂ ਘੁੰਮਦੇ ਹੋਏ ਰੈਸਟੋਰੈਂਟ ਵਿੱਚ ਚਾਹ ਪੀਂਦੇ ਹਾਂ।'

ਉਹ ਲਿਫ਼ਟ ਰਾਹੀਂ 360 ਰੈਸਟੋਰੈਂਟ ਵਾਲ਼ੀ ਮੰਜ਼ਲ 'ਤੇ ਪਹੁੰਚ ਗਏ।

'ਇਹ ਤਾਂ ਬਹੁਤ ਮਹਿੰਗਾ ਹੋਏਗਾ।' ਪ੍ਰੀਤੀ ਬੋਲੀ।

'ਹਾਂ, ਤਾਂਹੀ ਤਾਂ ਅਸੀਂ ਸਿਰਫ਼ ਚਾਹ ਹੀ ਪੀਣੀ ਹੈ।' ਅਮਰਪ੍ਰੀਤ ਨੇ ਹੱਸਦਿਆਂ ਕਿਹਾ।

ਉਹਨਾ ਨੇ ਵੇਟਰ ਨੂੰ ਤਿੰਨ ਕੱਪ ਚਾਹ ਤੇ ਮਿੰਟੂ ਤੇ ਰਾਣੀ ਲਈ ਜੂਸ ਆਰਡਰ ਕਰ ਦਿੱਤੇ। ਰੈਸਟੋਰੈਂਟ ਮੱਠੀ-ਮੱਠੀ ਚਾਲ ਵਿੱਚ ਘੁੰਮ ਰਿਹਾ ਸੀ।

'ਇੱਥੇ ਬੈਠ ਕੇ ਬਾਹਰ ਦਾ ਬਦਲਦਾ ਨਜ਼ਾਰਾ ਦੇਖਣ ਦਾ ਆਪਣਾ ਹੀ ਅਨੰਦ ਹੈ।' ਅਮਰਪ੍ਰੀਤ ਨੇ ਕਿਹਾ।

'ਹਾਂ, ਇਸਦਾ 360 ਨਾਂ ਤਾਂ ਹੀ ਪਿਆ ਕਿ ਇਹ ਪੂਰਾ ਚੱਕਰ ਲਾਉਂਦਾ ਹੈ! ਸੂਰਜ ਡੁੱਬਣ ਤੇ ਇੱਥੋਂ ਬਹੁਤ ਹੀ ਮਨਮੋਹਕ ਦ੍ਰਿਸ਼ ਦਿਖਦਾ ਹੈ।' ਸਰਬਜੀਤ ਬੋਲਿਆ।

ਇੰਨੇ ਨੂੰ ਵੇਟਰ ਚਾਹ ਤੇ ਜੂਸ ਲੈ ਕੇ ਆ ਗਈ। ਉਹ ਗਰਮਾ-ਗਰਮ ਚਾਹ ਦੀਆਂ ਚੁਸਕੀਆਂ ਲੈਂਦੇ ਹੋਏ, ਬਾਹਰ ਦਾ ਖੂਬਸੂਰਤ ਦ੍ਰਿਸ਼ ਦੇਖ ਰਹੇ ਸੀ। ਹੇਠਾਂ ਜ਼ਮੀਨ ਤੇ ਇਮਾਰਤਾਂ ਬਹੁਤ ਛੋਟੀਆਂ ਦਿਖਾਈ ਦੇ ਰਹੀਆਂ ਸਨ। ਤੁਰਦੇ-ਫਿਰਦੇ ਲੋਕ ਕੀੜੀਆਂ ਵਾਂਗ ਛੋਟੇ-ਛੋਟੇ ਦਿਖ ਰਹੇ ਸਨ। ਸੰਗਤਰੀ ਭਾਹ ਬਿਖੇਰਦਾ ਸੂਰਜ ਛਿਪਣ ਨੂੰ ਕਰ ਰਿਹਾ ਸੀ ਤੇ ਰੌਸ਼ਨੀਆਂ ਵੀ ਜਗ ਪਈਆਂ ਸਨ। ਬਹੁਤ ਹੀ ਅਲੌਕਿਕ ਤੇ ਬਿਸਮ ਭਰਿਆ ਨਜ਼ਾਰਾ ਸੀ!

ਚਾਹ ਪੀ ਕੇ ਤੇ ਤਰੋ ਤਾਜ਼ਾ ਹੋ ਕੇ, ਆਖਰਕਾਰ ਦੋ ਕੁ ਘੰਟੇ ਬਾਅਦ ਉਹ ਲਿਫ਼ਟ ਲੈ ਕੇ ਹੇਠਾਂ ਆ ਗਏ। ਇੱਕ ਵਾਰ ਫੇਰ 'ਜ਼ੂਮ' ਕਰਦੀ ਲਿਫ਼ਟ ਨਾਲ਼ ਉਨ੍ਹਾਂ ਦੇ ਕੰਨ ਸਾਂ-ਸਾਂ ਕਰਨ ਲੱਗੇ। ਪਰ ਹੁਣ ਉਹ ਉਸ ਦੇ ਆਦੀ ਹੋ ਚੁੱਕੇ ਸਨ! ਲਿਫ਼ਟ ਸਿੱਧੀ ਉਨ੍ਹਾਂ ਨੂੰ ਗਿਫ਼ਟ ਸ਼ਾਪ ਵਿੱਚ ਲੈ ਕੇ ਆਈ।

'ਬਈ, ਇੱਕ ਸੋਵੀਨੀਅਰ ਤਾਂ ਲੈਣਾ ਬਣਦਾ ਹੈ।' ਪ੍ਰੀਤੀ ਨੇ ਕਿਹਾ।

'ਠੀਕ ਹੈ।' ਅਮਰਪ੍ਰੀਤ ਨੇ ਹਾਮੀ ਭਰੀ। ਉਹ ਫਰਿੱਜ 'ਤੇ ਲਗਾਉਣ ਲਈ, ਸੀ. ਐਨ. ਟਾਵਰ ਦਾ ਇੱਕ ਚੁੰਬਕੀ ਸੋਵੀਨੀਅਰ ਨਿਸ਼ਾਨੀ ਦੇ ਤੌਰ 'ਤੇ ਖਰੀਦ ਕੇ ਬਾਹਰ ਆ ਗਏ।

ਕਾਰ ਤੱਕ ਜਾਂਦੇ ਹੋਏ ਉਨ੍ਹਾਂ ਨੂੰ 'ਟਿਮ ਹਾਰਟਨਜ਼' ਰੈਸਟੋਰੈਂਟ ਦੀਖਿਆ। ਉਨ੍ਹਾਂ ਨੇ ਖਾਣ ਲਈ ਉੱਥੋਂ ਦੇ ਮਸ਼ਹੂਰ ਆਲੂ ਦੇ ਚਿਪਸ, ਕੌਫੀ ਤੇ ਬੱਚਿਆਂ ਲਈ ਕੋਲਡ ਡਰਿੰਕ ਲਏ।

'ਸੱਚਮੁੱਚ ਹੀ ਸੀ. ਐਨ. ਟਾਵਰ ਦੇਖ ਕੇ ਬਹੁਤ ਵਧੀਆ ਲੱਗਿਆ।' ਪ੍ਰੀਤੀ ਨੇ ਧੰਨਵਾਦ ਦੀ ਭਾਵਨਾ ਨਾਲ਼ ਕਿਹਾ, ਇੰਝ ਲੱਗ ਰਿਹਾ ਸੀ ਕਿ ਸਾਰਿਆਂ ਤੋਂ ਵੱਧ ਉਸ ਨੂੰ ਸੀ. ਐਨ. ਟਾਵਰ ਚੰਗਾ ਲੱਗਿਆ ਸੀ।

*****

ਉਨ੍ਹਾਂ ਨੂੰ ਪਤਾ ਹੀ ਨਹੀਂ ਚੱਲਿਆ ਵਕਤ ਕਿੱਥੇ ਖੰਭ ਲਾ ਕੇ ਉਡ ਗਿਆ। ਪਰ ਉਨ੍ਹਾਂ ਨੇ ਕੈਨੇਡਾ ਵਿੱਚ ਛੇ ਹਫ਼ਤੇ ਬਹੁਤ ਵਧੀਆ ਬਿਤਾਏ ਜੋ ਕਿ ਉਨ੍ਹਾਂ ਦੀ ਜ਼ਿੰਦਗੀ ਦੀ ਸਦੀਵੀ ਮਿੱਠੀ ਯਾਦ ਬਣ ਗਏ। ਉਨ੍ਹਾਂ ਨੇ ਖੂਬ ਖਰੀਦੋ-ਫਰੋਖਤ ਵੀ ਕੀਤੀ ਤੇ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰ ਵਾਸਤੇ ਵੀ ਸਮਾਨ ਖਰੀਦਿਆ। ਆਖਰ ਉਨ੍ਹਾਂ ਦੀ

ਵਾਪਸੀ ਫਲਾਈਟ ਦਾ ਦਿਨ ਨੇੜੇ ਆ ਗਿਆ। ਅਮਰਪ੍ਰੀਤ ਤੇ ਪ੍ਰੀਤੀ ਨੇ ਸੂਟਕੇਸ ਚੰਗੀ ਤਰ੍ਹਾਂ ਪੈਕ ਕਰ ਲਏ ਅਤੇ ਸਰਬਜੀਤ ਨੇ ਉਨ੍ਹਾਂ ਦਾ ਭਾਰ ਤੋਲ ਕੇ ਚੈੱਕ ਕਰ ਲਿਆ ਕਿ ਕਿਤੇ ਉਹ ਪੰਜਾਹ ਕਿੱਲੋ ਤੋਂ ਵੱਧ ਤਾਂ ਨਹੀਂ ਸੀ, ਕਿਉਂਕਿ ਸੂਟਕੇਸ ਭਾਰ ਵੱਧ ਹੋਣ ਤੇ ਵਾਧੂ ਪੈਸੇ ਦੇਣੇ ਪੈਂਦੇ ਹਨ।

ਅਮਰਪ੍ਰੀਤ, ਪ੍ਰੀਤੀ ਤੇ ਬੱਚਿਆਂ ਨੇ ਸਰਬਜੀਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹ ਸਭ ਸਰਬਜੀਤ ਤੋਂ ਅਲੱਗ ਹੋਣ ਲੱਗੇ ਥੋੜ੍ਹਾ ਭਾਵੁਕ ਮਹਿਸੂਸ ਕਰ ਰਹੇ ਸਨ।

'ਚਾਚਾ ਜੀ, ਬਹੁਤ ਮਜ਼ਾ ਆਇਆ। ਤੁਹਾਡਾ ਬਹੁਤ-ਬਹੁਤ ਧੰਨਵਾਦ।' ਮਿੰਟੂ ਨੇ ਆਪਣੇ ਸਰਬਜੀਤ ਨੂੰ ਜੱਫੀ ਪਾਉਂਦਿਆਂ ਕਿਹਾ।

'ਥੈਂਕ ਯੂ, ਚਾਚਾ ਜੀ।' ਰਾਣੀ ਵੀ ਉਸ ਨਾਲ਼ ਲਿਪਟ ਗਈ - 'ਹੁਣ ਤੁਸੀਂ ਜਲਦੀ-ਜਲਦੀ ਪੰਜਾਬ ਆਉਣਾ।'

'ਚੰਗਾ ਰਾਣੀ, ਮੈਂ ਜਲਦੀ ਨਾਲ਼ ਆਵਾਂਗਾ।' ਸਰਬਜੀਤ ਨੇ ਉਸ ਨੂੰ ਧਰਵਾਸ ਦਿੰਦਿਆਂ ਕਿਹਾ।

ਏਅਰਪੋਰਟ ਪਹੁੰਚ ਕੇ ਉਹ ਆਪਣਾ ਸਮਾਨ ਚੈੱਕ-ਇਨ ਕਰਾ ਕੇ ਫਲਾਈਟ ਦੇ ਚੱਲਣ ਦਾ ਇੰਤਜ਼ਾਰ ਕਰਨ ਲੱਗੇ। ਪੱਛਮ ਵੱਲ ਛਿਪਦੇ ਸੂਰਜ ਦੀ ਲਲਿਮਾ ਵਿੱਚ ਟਾਰਮੈਕ (ਪਟੜੀ) 'ਤੇ ਖੜੇ ਅਲੱਗ-ਅਲੱਗ ਏਅਰਲਾਈਨਾਂ ਦੇ ਜਹਾਜ਼ ਬਹੁਤ ਹੀ ਸੋਹਣੇ ਲੱਗ ਰਹੇ ਸਨ।

ਏਅਰ ਹੋਸਟੈੱਸ ਨੇ ਉਨ੍ਹਾਂ ਨੂੰ ਜਹਾਜ਼ ਅੰਦਰ "ਜੀ ਆਇਆਂ" ਕਿਹਾ ਤੇ ਉਨ੍ਹਾਂ ਦੀਆਂ ਸੀਟਾਂ ਵੱਲ ਨੂੰ ਇਸ਼ਾਰਾ ਕੀਤਾ। ਉਹ ਆਪਣੀਆਂ-ਆਪਣੀਆਂ ਸੀਟਾਂ 'ਤੇ ਬੈਠ ਗਏ।

ਇੱਕ ਵਾਰ ਫੇਰ ਏਅਰ ਹੋਸਟੈੱਸ ਨੇ ਰਾਣੀ ਨੂੰ ਖਿਡੌਣਿਆਂ ਦੀ ਕਿੱਟ ਦਿੱਤੀ ਜਿਸ ਨੂੰ ਲੈ ਕੇ ਉਹ ਬਹੁਤ ਖ਼ੁਸ਼ ਹੋਈ।

ਜਿਵੇਂ ਹੀ ਵੱਡੇ ਸਾਰੇ ਏਅਰ ਕੈਨੇਡਾ ਦੇ ਜਹਾਜ਼ ਨੇ ਉਡਾਣ ਭਰੀ ਤਾਂ ਉਨ੍ਹਾਂ ਦੇ ਦਿਲ ਵਿੱਚ "ਘਾਊਂ-ਮਾਊਂ" ਜਿਹਾ ਹੋਇਆ। ਉਨ੍ਹਾਂ ਦੇ ਦੇਖਦੇ ਦੇਖਦੇ ਮਿੰਟਾਂ ਵਿੱਚ ਹੀ ਜਹਾਜ਼ ਅਸਮਾਨ ਦੀਆਂ ਬੁਲੰਦੀਆਂ ਤੱਕ ਪਹੁੰਚ ਗਿਆ। ਮਿੰਟੂ ਨੇ ਖਿੜਕੀ ਵਿੱਚੋਂ ਹੇਠਾਂ ਦੇਖਿਆ। ਟਰੋਂਟੋ ਸ਼ਹਿਰ ਦੀਆਂ ਜਗਮਗ ਕਰਦੀਆਂ ਰੌਸ਼ਨੀਆਂ ਹੇਠਾਂ ਬਹੁਤ ਦੂਰ ਹੁੰਦੀਆਂ ਨਜ਼ਰ ਆਈਆਂ...

'ਇਨ੍ਹਾਂ ਰੌਸ਼ਨੀਆਂ ਵਿੱਚ ਹੀ ਕਿਤੇ ਉੱਚਾ-ਲੰਮਾ ਸੀ.ਐਨ. ਟਾਵਰ, ਅਫਰੀਕਨ ਲਾਇਨ ਸਫ਼ਾਰੀ, ਤੇ ਹੋਰ ਆਕਰਸ਼ਣ ਹੋਣਗੇ, ਜੋ ਉਨ੍ਹਾਂ ਦੀਆਂ ਯਾਦਾਂ ਵਿੱਚ ਵੱਸ ਗਏ ਸਨ!' ਉਸ ਨੇ ਸੋਚਿਆ।

ਦੋ ਕੁ ਦਿਨ ਬਾਅਦ ਉਹ ਆਪਣੇ ਘਰ ਪਹੁੰਚ ਗਏ। ਉਹ ਬਹੁਤ ਥੱਕ ਚੁੱਕੇ ਸਨ - ਉਨ੍ਹਾਂ ਨੂੰ ਕਾਫ਼ੀ ਜੈਟ ਲੈਗ ਮਹਿਸੂਸ ਹੋ ਰਿਹਾ ਸੀ ਤੇ ਬੇਵਕਤ ਨੀਂਦ ਆ ਰਹੀ ਸੀ। ਕੈਨੇਡਾ ਤੇ ਇੰਡੀਆ ਵਿੱਚ ਸਮੇਂ ਦਾ ਕਾਫ਼ੀ ਅੰਤਰ ਹੋਣ ਕਰ ਕੇ, ਜਹਾਜ਼ ਦਾ ਸਫ਼ਰ ਕਰਦਿਆਂ ਮਨੁੱਖੀ ਸਰੀਰ ਅੰਦਰਲੀ ਰਵਾਨੀ (Circadian Rhythm) ਦਾ ਸੰਤੁਲਨ ਵਿਗੜ ਜਾਂਦਾ ਹੈ। ਪਰ ਆਪਣੇ ਘਰ ਆ ਕੇ ਉਨ੍ਹਾਂ ਨੇ ਬਹੁਤ ਸੁਕੂਨ ਤੇ ਅਰਾਮ ਮਹਿਸੂਸ ਕੀਤਾ।

'ਤੁਸੀਂ ਭਾਵੇਂ ਪੂਰੀ ਦੁਨੀਆਂ ਘੁੰਮ ਲਓ, ਆਪਣੇ ਘਰ ਵਰਗਾ ਸੁੱਖ ਕਿਤੇ ਨਹੀਂ ਹੈ।' ਮਿੰਟੂ ਨੇ ਸੋਚਿਆ।

'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ਼ ਨਾ ਬੁਖਾਰੇ!'

# ਮੇਪਲ ਪੱਤਾ - ਕੈਨੇਡਾ ਦਾ ਰਾਸ਼ਟਰੀ ਨਿਸ਼ਾਨ ਚਿੰਨ੍ਹ

ਮੇਪਲ ਪੱਤਾ ਕੈਨੇਡਾ ਦਾ ਸਭ ਤੋਂ ਪ੍ਰਮੁੱਖ ਅਤੇ ਪਛਾਣਨਯੋਗ ਨਿਸ਼ਾਨ ਚਿੰਨ੍ਹ ਹੈ, ਜੋ ਰਾਸ਼ਟਰੀ ਝੰਡੇ, ਕੁਲ-ਚਿੰਨ੍ਹ (Coat of Arms) ਅਤੇ ਸਿੱਕਿਆਂ 'ਤੇ ਬੜੇ ਮਾਣ ਨਾਲ਼ ਪੇਸ਼ ਕੀਤਾ ਜਾਂਦਾ ਹੈ। ਰਾਸ਼ਟਰੀ ਚਿੰਨ੍ਹ ਵਜੋਂ ਇਸਦੀ ਸਥਿਤੀ ਇਸਦੀ ਇਤਿਹਾਸਕ ਮਹੱਤਤਾ ਨੂੰ ਦਰਸਾਉਂਦੀ ਹੈ, ਆਦਿਵਾਸੀ ਲੋਕਾਂ ਦੁਆਰਾ ਇਸਦੀ ਵਰਤੋਂ ਤੋਂ ਲੈ ਕੇ ਸਰਕਾਰੀ ਤੌਰ 'ਤੇ ਰਾਸ਼ਟਰੀ ਪਛਾਣ ਵਿੱਚ ਸ਼ਾਮਲ ਹੋਣ ਤੱਕ। ਮੇਪਲ ਪੱਤਾ ਕੈਨੇਡਾ ਦੀ ਰਾਸ਼ਟਰੀ ਪਛਾਣ, ਏਕਤਾ ਅਤੇ ਮਾਣ ਨੂੰ ਦਰਸਾਉਂਦਾ ਹੈ। ਇਸਦੀ ਵਰਤੋਂ 19ਵੀਂ ਸਦੀ ਤੋਂ ਸ਼ੁਰੂ ਹੋਈ, ਜਦੋਂ ਇਸਨੂੰ ਵੱਖ-ਵੱਖ ਸਮੂਹਾਂ ਅਤੇ ਫੌਜੀ ਇਕਾਈਆਂ ਦੁਆਰਾ ਅਪਣਾਇਆ ਗਿਆ ਸੀ। ਇਹ ਚਿੰਨ੍ਹ ਰਾਸ਼ਟਰ ਦੀ ਪਛਾਣ ਵਿੱਚ ਉਦੋਂ ਪੱਕਾ ਹੋ ਗਿਆ ਸੀ ਜਦੋਂ 1965 ਵਿੱਚ ਲਾਲ ਮੇਪਲ ਪੱਤੇ ਨੂੰ ਰਾਸ਼ਟਰੀ ਝੰਡੇ 'ਤੇ ਸਥਾਨ ਦਿੱਤਾ ਗਿਆ।






www.PunjabiLibrary.com




ਅੱਜ ਵਿਗਿਆਨ ਦੇ ਪੀਰੀਅਡ ਵਿਚ ਸਿਰਫ ਇਕੱਲੇ ਅਧਿਆਪਕ ਸਾਹਿਬ ਹੀ ਨਹੀਂ ਸਗੋਂ ਉਹਨਾਂ ਨਾਲ਼ ਇੱਕ ਖ਼ਾਸ ਮਹਿਮਾਨ ਵੀ ਆਏ ਸਨ।


ਵਿਗਿਆਨ ਅਧਿਆਪਕ ਸੁਨੀਲ ਅਰੋੜਾ ਨੇ ਬੱਚਿਆਂ ਨੂੰ ਸੰਬੋਧਿਤ ਕਰਦਿਆਂ ਕਿਹਾ - 'ਬੱਚਿਓ, ਅੱਜ ਦਾ ਦਿਨ ਬਹੁਤ ਹੀ ਖ਼ਾਸ ਹੈ ਕਿਉਂਕਿ ਅੱਜ ਸਾਡੇ ਦਰਮਿਆਨ ਪ੍ਰੋਫ਼ੈਸਰ ਚੰਦਰ ਸ਼ੇਖਰ ਜੀ ਆਏ ਹਨ ਜੋ ਕਿ ਅਮਰੀਕਾ ਵਿਖੇ ਨਾਸਾ ਵਿਚ ਇੱਕ ਵਿਗਿਆਨਕ ਹਨ। ਅੱਜ ਇਹ ਆਪ ਜੀ ਨਾਲ਼ ਵਿਗਿਆਨ ਦੀਆਂ ਗੱਲਾਂ ਕਰਨਗੇ ਤੇ ਤੁਹਾਡੇ ਸਵਾਲਾਂ ਦੇ ਜਵਾਬ ਵੀ ਦੇਣਗੇ।'

ਸਾਰੇ ਬੱਚਿਆਂ ਨੇ ਖੜ੍ਹੇ ਹੋ ਕਿ ਤਾੜੀਆਂ ਮਾਰ ਕੇ ਸ਼੍ਰੀਮਾਨ ਚੰਦਰ ਸ਼ੇਖਰ ਦਾ ਸੁਆਗਤ ਕੀਤਾ।

'ਪਿਆਰੇ ਬੱਚਿਓ, ਅੱਜ ਮੈਂ ਤੁਹਾਡੇ ਨਾਲ਼ ਬ੍ਰਹਿਮੰਡ, ਸਿਤਾਰਿਆਂ ਤੇ ਗ੍ਰਹਿਆਂ ਦੀ ਗ਼ਰਦਿਸ਼ ਬਾਰੇ ਨਵੀਂ ਜਾਣਕਾਰੀ ਸਾਂਝੀ ਕਰਾਂਗਾ। ਪਰ ਉਸਤੋਂ ਪਹਿਲਾਂ ਮੈਂ ਤੁਹਾਨੂੰ ਇੱਕ ਸਵਾਲ ਪੁੱਛਦਾ ਹਾਂ। ਕੀ ਪ੍ਰਿਥਵੀ ਤੇ ਹੋਰ ਗ੍ਰਹਿ ਸੂਰਜ ਦੇ ਗਿਰਦ ਘੁੰਮਦੇ ਹਨ ਜਾਂ ਕਿ ਸੂਰਜ ਤੇ ਹੋਰ ਗ੍ਰਹਿ ਪ੍ਰਿਥਵੀ ਦੇ ਗਿਰਦ ਘੁੰਮਦੇ ਹਨ?'

ਸਾਰੇ ਬੱਚੇ ਹੈਰਾਨ ਰਹਿ ਗਏ ਕਿ ਇਹ ਤਾਂ ਬਹੁਤ ਹੀ ਸੌਖਾ ਪ੍ਰਸ਼ਨ ਹੈ।

'ਸਭ ਲੋਕ ਜਾਣਦੇ ਹਨ ਕਿ ਪ੍ਰਿਥਵੀ ਤੇ ਹੋਰ ਗ੍ਰਹਿ ਸੂਰਜ ਦੇ ਗਿਰਦ ਚੱਕਰ ਕੱਟਦੇ ਹਨ।' ਮੋਨੂ ਨੇ ਬੜੇ ਨਿਸ਼ਚੇ ਨਾਲ਼ ਉੱਤਰ ਦਿੱਤਾ।




**ਚਿੱਤਰ**: ਨਾਸਾ ਤੋਂ ਧੰਨਵਾਦ ਸਹਿਤ (Image Credit: NASA)

'ਇਹ ਠੀਕ ਉੱਤਰ ਹੈ।' ਪ੍ਰੋਫ਼ੈਸਰ ਚੰਦਰ ਸ਼ੇਖਰ ਨੇ ਕਿਹਾ - 'ਪਰ ਇਹ ਪੂਰਾ ਸੱਚ ਨਹੀਂ ਹੈ। ਬ੍ਰਹਿਮੰਡ ਵਿਚ ਗ੍ਰਹਿ ਤੇ ਸਿਤਾਰੇ ਅਸਲ ਵਿਚ ਆਪਣੇ ਇੱਕ ਸਾਂਝੇ ਪੁੰਜ ਦੇ ਕੇਂਦਰ ਗਿਰਦ ਘੁੰਮਦੇ ਹਨ, ਜਿਸਨੂੰ ਬੈਰੀਸੈਂਟਰ (Barycenter) ਕਹਿੰਦੇ ਹਨ। ਹਰ ਇੱਕ ਵਸਤੂ ਦਾ ਇੱਕ ਪੁੰਜ ਜਾਂ ਗੁਰੂਤਾਕਰਸ਼ਣ ਕੇਂਦਰ ਹੁੰਦਾ ਹੈ। ਉਹਨਾਂ ਨੇ ਇੱਕ ਫੁੱਟਾ ਕੱਢਿਆ ਤੇ ਬੱਚਿਆਂ ਨੂੰ ਦੱਸਿਆ - 'ਇਸ ਫੁੱਟੇ ਦਾ ਗੁਰੂਤਾਕਰਸ਼ਣ ਕੇਂਦਰ ਇਸ ਦੇ ਵਿਚਕਾਰ ਹੈ।'

ਫੇਰ ਉਹਨਾਂ ਨੇ ਇੱਕ ਹਥੌੜੀ ਕੱਢ ਕੇ ਦਿਖਾਈ ਤੇ ਬੱਚਿਆਂ ਨੂੰ ਪੁੱਛਿਆ - 'ਭਲਾ ਦੱਸੋ ਇਸਦਾ ਗੁਰੂਤਾਕਰਸ਼ਣ ਕੇਂਦਰ ਕਿੱਥੇ ਹੈ?'

ਸਾਰੇ ਬੱਚੇ ਹੈਰਾਨ ਤੇ ਚੁੱਪ ਸਨ।

ਰਾਜੂ ਨੇ ਝਿਜਕਦਿਆਂ ਕਿਹਾ - 'ਹਥੌੜੀ ਦੇ ਕੇਂਦਰ ਵਿਚ ਹੀ ਹੋਵੇਗਾ?'

'ਕੋਈ ਹੋਰ?' ਪ੍ਰੋਫ਼ੈਸਰ ਸਾਹਿਬ ਬੋਲੇ।

ਸਭ ਬੱਚੇ ਚੁੱਪ ਸਨ।

'ਬੱਚਿਓ, ਇਸ ਹਥੌੜੀ ਦਾ ਗੁਰੂਤਾਕਰਸ਼ਣ ਕੇਂਦਰ ਹਥੌੜੀ ਦੇ ਸਿਰ ਦੇ ਵਿਚਕਾਰ ਹੈ ਕਿਉਂਕਿ ਉਸਦਾ ਪੁੰਜ ਜ਼ਿਆਦਾ ਹੈ ਤੇ ਉਹ ਇਸਦੇ ਇੱਕ ਪਾਸੇ ਹੈ। ਜਿਸ ਤਰ੍ਹਾਂ ਜਦੋਂ ਤੁਸੀਂ ਸੀ-ਸਾ ਉੱਤੇ ਖੇਡਦੇ ਹੋ ਤਾਂ ਉਸਦਾ ਬੈਰੀਸੈਂਟਰ ਜਾਂ ਗੁਰੂਤਾਕਰਸ਼ਣ ਕੇਂਦਰ ਉੱਥੇ ਹੋਵੇਗਾ ਜਿੱਥੇ ਦੋਵੇਂ ਬੱਚਿਆਂ ਦਾ ਔਸਤਨ ਭਾਰ ਹੋਵੇਗਾ। ਤੁਸੀਂ ਸਭ ਜਾਣਦੇ ਹੋ ਕਿ ਜੇ ਇੱਕ ਪਾਸੇ ਭਾਰਾ ਬੱਚਾ ਤੇ ਦੂਜੇ ਪਾਸੇ ਹਲਕਾ ਬੱਚਾ ਬੈਠੇ ਤਾਂ ਸੀ-ਸਾ ਕਿੱਧਰ ਝੁਕੇਗਾ?'

ਸਾਰੇ ਬੱਚੇ ਉਸਦਾ ਤਸੱਵੁਰ ਕਰਕੇ ਹੱਸਣ ਲੱਗੇ।

'ਆਓ ਹੁਣ ਜਾਣੀਏ ਕਿ ਸੌਰਮੰਡਲ ਦਾ ਬੈਰੀਸੈਂਟਰ ਕਿੱਥੇ ਹੈ? ਕਿਉਂਕਿ ਸੂਰਜ ਦਾ ਪੁੰਜ ਪ੍ਰਿਥਵੀ ਤੋਂ ਲੱਖਾਂ ਗੁਣਾ ਜ਼ਿਆਦਾ ਹੈ ਤੇ ਪ੍ਰਿਥਵੀ ਉਸ ਦੇ ਮੁਕਾਬਲੇ ਬਹੁਤ ਛੋਟੀ ਹੈ। ਇਸਦਾ ਮਤਲਬ ਇਹ ਹੋਇਆ ਕਿ ਸੂਰਜ ਤੇ ਪ੍ਰਿਥਵੀ ਦਾ ਬੈਰੀਸੈਂਟਰ ਹਥੌੜੀ ਦੇ ਸਿਰ ਵਾਂਗ ਸੂਰਜ ਦੇ ਕੇਂਦਰ ਦੇ ਕੋਲ਼ ਹੈ। ਇਸੇ ਕਰਕੇ ਪ੍ਰਿਥਵੀ ਸੂਰਜ ਦੇ ਗਿਰਦ ਗ਼ਰਦਿਸ਼ ਕਰਦੀ ਹੈ। ਪਰ, ਬ੍ਰਹਿਸਪਤੀ, ਜਿਸ ਦਾ ਪੁੰਜ ਪ੍ਰਿਥਵੀ ਤੋਂ 318 ਗੁਣਾ ਜ਼ਿਆਦਾ ਹੈ, ਦਾ ਤੇ ਸੂਰਜ ਦੋਵਾਂ ਦਾ ਬੈਰੀਸੈਂਟਰ ਸੂਰਜ ਤੋਂ ਥੋੜ੍ਹਾ ਜਿਹਾ ਬਾਹਰ ਹੈ!' ਪ੍ਰੋਫ਼ੈਸਰ ਚੰਦਰ ਸ਼ੇਖਰ ਕਹਿ ਰਹੇ ਸਨ, 'ਸੌਰ ਮੰਡਲ ਦਾ ਆਪਣਾ ਵੀ ਬੈਰੀਸੈਂਟਰ ਹੈ ਜੋ ਕਿ ਸੂਰਜ, ਸਾਰੇ ਗ੍ਰਹਿਆਂ, ਉਪਗ੍ਰਹਿਆਂ, ਅਕਾਸ਼ੀ ਪਿੰਡਾਂ ਤੇ ਹੋਰ ਸਭ ਚੀਜ਼ਾਂ ਦੇ ਸਾਂਝੇ ਪੁੰਜ ਦਾ ਕੇਂਦਰ ਹੈ। ਸੂਰਜ, ਪ੍ਰਿਥਵੀ ਤੇ ਹੋਰ ਸਭ ਗ੍ਰਹਿ ਉਸ ਸਾਂਝੇ ਬੈਰੀਸੈਂਟਰ ਦੇ ਦੁਆਲ਼ੇ ਗ਼ਰਦਿਸ਼ ਕਰਦੇ ਹਨ।'

ਸਭ ਬੱਚੇ ਅੱਜ ਬਹੁਤ ਖ਼ੁਸ਼ ਸਨ ਕਿਉਂਕਿ ਅੱਜ ਉਹਨਾਂ ਨੂੰ ਵਿਗਿਆਨ ਦੇ ਪੀਰੀਅਡ ਵਿਚ ਬਹੁਤ ਹੀ ਖ਼ਾਸ ਤੇ ਵਿਲੱਖਣ ਜਾਣਕਾਰੀ ਪ੍ਰਾਪਤ ਹੋਈ!

ਉਸ ਤੋਂ ਬਾਅਦ ਪ੍ਰੋਫ਼ੈਸਰ ਚੰਦਰ ਸ਼ੇਖਰ ਬੱਚਿਆਂ ਨਾਲ਼ ਕਾਫ਼ੀ ਦੇ ਗੱਲਬਾਤ ਕਰਦੇ ਰਹੇ ਤੇ ਉਹਨਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਉਹਨਾਂ ਨੇ ਨਾਸਾ ਦਾ ਮਿਸ਼ਨ ਵੀ ਦੱਸਿਆ, 'ਅਮਰੀਕਾ ਦੀ ਨਾਸਾ ਸੰਸਥਾ ਪੁਲਾੜ ਵਿਚ ਅਣਜਾਣ ਰਹੱਸਾਂ ਨੂੰ ਖੋਜਦੀ ਹੈ, ਲੋਕਾਂ ਦੇ ਭਲੇ ਲਈ ਨਵੀਆਂ ਕਾਢਾਂ ਕੱਢਦੀ ਹੈ ਅਤੇ ਆਪਣੀਆਂ ਖੋਜਾਂ ਨਾਲ਼ ਕੁਲ ਦੁਨੀਆਂ ਨੂੰ ਪ੍ਰੇਰਣਾ ਦਿੰਦੀ ਹੈ!'

ਫੇਰ ਉਹਨਾਂ ਨੇ ਨਾਸਾ ਸਪੇਸ ਪਲੇਸ ਦਾ ਮਿਸ਼ਨ ਵੀ ਦੱਸਿਆ, '1998 ਵਿਚ ਸ਼ੁਰੂ ਕੀਤੀ ਗਈ ਸਪੇਸਪਲੇਸ ਦਾ ਮਿਸ਼ਨ 9-12 ਸਾਲ ਦੇ ਬੱਚਿਆਂ ਲਈ ਪੁਲਾੜ ਤੇ ਧਰਤੀ ਵਿਗਿਆਨ ਬਾਰੇ ਸਿੱਖਿਆ ਨੂੰ ਮਜ਼ੇਦਾਰ ਖੇਡਾਂ, ਪ੍ਰਯੋਗਿਕ ਗਤੀਵਿਧੀਆਂ ਅਤੇ ਛੋਟੇ ਵੀਡੀਓ ਦੇ ਮਾਧਿਅਮ ਰਾਹੀਂ ਸੌਖਾ ਤੇ ਰੁਝਾਉ ਬਣਾਉਣਾ ਹੈ।'


ਉਹਨਾਂ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ, 'ਜੇ ਤੁਸੀਂ ਮਨ ਲਗਾ ਕੇ ਵਿਗਿਆਨ ਦੀ ਪੜ੍ਹਾਈ ਕਰੋਗੇ ਤਾਂ ਤੁਸੀਂ ਵੀ ਨਾਸਾ ਵਰਗੀਆਂ ਸੰਸਥਾਵਾਂ ਵਿਚ ਕੰਮ ਕਰ ਸਕਦੇ ਹੋ ਤੇ ਮਨੁੱਖਤਾ ਦੇ ਭਲੇ ਲਈ ਨਵੀਆਂ ਖੋਜਾਂ ਵਿਚ ਯੋਗਦਾਨ ਪਾ ਸਕਦੇ ਹੋ।'

**ਹਵਾਲਾ:**

https://spaceplace.nasa.gov/barycenter/

**ਚਿੱਤਰ**: ਨਾਸਾ ਤੋਂ ਧੰਨਵਾਦ ਸਹਿਤ (Image Credit: NASA)

www.PunjabiLibrary.com





# ਪੱਤ ਝੜੇ ਪੁਰਾਣੇ

ਇੱਕ ਵਾਰ ਦੀ ਗੱਲ ਹੈ, ਇੱਕ ਛੋਟੀ ਜਿਹੀ ਕੁੜੀ ਜਿਸ ਦਾ ਨਾਮ ਆਨਿਆ ਸੀ, ਉੱਤਰੀ ਅਮਰੀਕਾ ਵਿਚ ਆਪਣੇ ਮਾਤਾ ਪਿਤਾ ਨਾਲ਼ ਰਹਿੰਦੀ ਸੀ। ਉਸਨੂੰ ਪੱਤਝੜ ਦਾ ਮੌਸਮ ਬਹੁਤ ਚੰਗਾ ਲਗਦਾ ਸੀ। ਹਰ ਸਾਲ ਉਹ ਆਪਣੇ ਮਾਤਾ ਪਿਤਾ ਨਾਲ਼ ਪਤਝੜ ਦੇ ਰੰਗ ਦੇਖਣ ਜਾਂਦੀ ਸੀ - ਪੀਲ਼ੇ, ਲਾਲ-ਕਚੂਰ, ਭੂਰੇ ਰੰਗ ਦੇ ਪੱਤੇ, ਧਰਤੀ ਦੇ ਕੈਨਵਸ ਤੇ ਖ਼ੂਬਸੂਰਤ ਰੰਗ ਵਾਹੁੰਦੇ, ਉਸਦੇ ਮਨ ਨੂੰ ਬਹੁਤ ਭਾਉਂਦੇ ਸਨ। ਉਸਨੂੰ ਇੰਝ ਲਗਦਾ ਸੀ ਕਿ ਜਿਵੇਂ ਉਹ ਇੱਕ ਨਵੇਂ ਹੀ ਸੰਸਾਰ ਵਿਚ ਵਿਚਰ ਰਹੀ ਹੋਵੇ।

ਉਸਦੇ ਮਾਤਾ ਪਿਤਾ ਪਿੱਛਿਓਂ ਪੰਜਾਬ (ਭਾਰਤ) ਤੋਂ ਸਨ।

'ਕੀ ਪੰਜਾਬ ਵਿਚ  ਵੀ ਪਤਝੜ ਹੁੰਦੀ ਹੈ?' ਇੱਕ ਦਿਨ ਉਸਨੇ ਆਪਣੇ ਪਿਤਾ ਜੀ ਨੂੰ ਪੁੱਛਿਆ।

'ਹਾਂ, ਕਿਓਂ ਨਹੀਂ! ਉੱਥੇ ਵੀ ਮੌਸਮ ਬਦਲਦੇ ਹਨ, ਉੱਥੇ ਛੇ ਮੌਸਮ ਹੁੰਦੇ ਹਨ, ਇੱਥੇ ਵਾਂਗ ਚਾਰ ਨਹੀਂ। ਪੱਤਿਆਂ ਦੇ ਰੰਗ ਜ਼ਿਆਦਾਤਰ ਪੀਲੇ ਜਾਂ ਭੂਰੇ ਹੁੰਦੇ ਹਨ, ਬਹੁਤੇ ਲਾਲ ਨਹੀਂ। ਪਰ ਕਈ ਸ਼ਹਿਰਾਂ ਜਿਵੇਂ ਚੰਡੀਗੜ੍ਹ ਵਿਚ ਤੁਸੀਂ ਲਾਲ ਰੰਗ ਦੇ ਪੱਤੇ ਵੀ ਵੇਖ ਸਕਦੇ ਹੋ।'

'ਕੀ ਕਦੇ ਅਸੀਂ ਉੱਥੇ ਪਤਝੜ ਵਿਚ ਜਾ ਸਕਦੇ ਹਾਂ, ਜ਼ਿਆਦਾਤਰ ਅਸੀਂ ਸਰਦੀਆਂ ਵਿਚ ਹੀ ਜਾਂਦੇ ਹਾਂ।'

'ਕਿਓਂ ਨਹੀਂ, ਅਸੀਂ ਜਲਦੀ ਹੀ ਪ੍ਰੋਗਰਾਮ ਬਣਾਵਾਂਗੇ। ਪੰਜਾਬ ਕੀ ਅਸੀਂ ਇੰਡੀਆ ਤੇ ਦੁਨੀਆਂ ਦੇ ਹੋਰ ਵੀ ਸ਼ਹਿਰਾਂ ਵਿਚ ਜਾਵਾਂਗੇ।'

ਫੇਰ ਕੀ ਇਸ ਵਾਰ ਜਦ ਹੀ ਪਤਝੜ ਸ਼ੁਰੂ ਹੋਈ, ਸਭ ਤੋਂ ਪਹਿਲਾਂ ਉਹ ਕਿਰਾਏ ਦੀ ਕਾਰ ਵਿਚ ਉੱਤਰੀ ਅਮਰੀਕਾ ਦੇ ਪ੍ਰਾਂਤ ਵਰਮੌਂਟ ਗਏ, ਜਿੱਥੇ ਸਭ ਤੋਂ ਪਹਿਲਾਂ ਪੱਤਿਆਂ ਦੇ ਰੰਗ ਬਦਲਦੇ ਸਨ। ਦਰਖਤਾਂ ਨੇ ਪੱਤਿਆਂ ਦੇ ਰੰਗ-ਬਿਰੰਗੇ ਪੁਸ਼ਾਕੇ ਪਹਿਨੇ ਹੋਏ ਸਨ। ਐਸਪੇਨ ਦੇ ਪੱਤੇ ਸੋਨੇ ਰੰਗੇ ਸਨ, ਓਕ ਦੇ ਪੱਤੇ ਲਾਲ-ਭੂਰੇ ਸਨ ਤੇ ਮੇਪਲ ਦੇ ਪੱਤੇ ਲਾਲ-ਕਚੂਰ ਸਨ। ਮੇਪਲ ਜਿਸ ਦਾ ਰਸ ਤੇ ਖੰਡ ਬਹੁਤ ਸੁਆਦ ਹੁੰਦੀ ਹੈ।

ਅਮਰੀਕਾ ਦੇ ਹਰੇ-ਭਰੇ, ਦੁੱਧ-ਮੱਖਣ, ਪਨੀਰ ਤੇ ਆਈਸਕਰੀਮ ਦਾ ਉਤਪਾਦਨ ਕਰਨ ਵਾਲ਼ੇ ਖੂਬਸੂਰਤ ਪ੍ਰਾਂਤ ਵਰਮੌਂਟ ਦੇ ਵਿੱਚੋਂ ਦੀ ਪਤਝੜ ਦੇਖਦੇ ਹੋਏ ਉਹ ਕੈਨੇਡਾ ਬਾਰਡਰ ਤੇ ਪਹੁੰਚੇ। ਬਾਰਡਰ ਤੇ ਲੰਮੀ ਲਾਈਨ ਸੀ, ਪਰ ਉਹ ਬਹੁਤ ਉਤਸ਼ਾਹਿਤ ਸੀ। ਬਾਰਡਰ ਪਾਰ ਕਰਕੇ ਉਹ ਕੈਨੇਡਾ ਦੀ ਪਤਝੜ ਦੇਖਦੇ ਹੋਏ ਮਾਂਟਰੀਅਲ ਵੱਲ ਨੂੰ ਚੱਲ ਪਏ। ਸੋਨੇ, ਲਾਲ ਅਤੇ ਸੰਗਤਰੀ ਰੰਗ ਦਾ ਕੁਦਰਤੀ ਨਜ਼ਾਰਾ ਬਹੁਤ ਹੀ ਮਨਮੋਹਕ ਸੀ।

'ਇਹ ਪੰਜਾਬ ਵਰਗਾ ਪੱਧਰਾ ਇਲਾਕਾ ਤੇ ਖੇਤ ਹਨ, ਖੂਬਸੂਰਤ ਦਿਹਾਤੀ ਦ੍ਰਿਸ਼!' ਉਸਦੇ ਡੈਡ ਕਹਿ ਰਹੇ ਸਨ।

'ਸੱਚਮੁੱਚ ਹੀ।' ਉਸਦੇ ਮੰਮੀ ਬੋਲੇ।

ਉਨ੍ਹਾਂ ਨੇ ਇੱਕ ਮੂਸ (ਬਾਰਾਸਿੰਗਾ ਵਰਗਾ ਇੱਕ ਜੰਗਲੀ ਜਾਨਵਰ) ਵੀ ਦੇਖਿਆ ਜੋ ਕਿ ਖੇਤਾਂ ਵਿਚ ਘਾਹ ਚਰ ਰਿਹਾ ਸੀ।

ਮਾਂਟਰੀਅਲ ਤੋਂ ਉਹ ਹਵਾਈ ਜਹਾਜ਼ ਰਾਹੀਂ ਜਪਾਨ ਨੂੰ ਉਡ ਕੇ ਗਏ, ਜਿੱਥੇ ਪਤਝੜ ਦੇ ਪੱਤੇ ਕਿਰਮਚੀ ਰੰਗੇ ਸਨ। ਮੌਸਮ ਬਹੁਤ ਹੀ ਮਨ ਲੁਭਾਉਣਾ ਸੀ! ਉੱਥੇ ਉਨ੍ਹਾਂ ਨੇ ਗਗਨਚੁੰਬੀ ਇਮਾਰਤਾਂ, ਬੋਧੀ ਮੰਦਰ, ਠਾਠ-ਬਾਠ ਵਾਲ਼ੇ ਸ਼ਾਪਿੰਗ ਕੰਪਲੈਕਸ ਦੇਖੇ।

ਇੱਕ-ਦੋ ਦਿਨ ਜਪਾਨ ਵਿਚ ਘੁੰਮ ਕੇ ਉਨ੍ਹਾਂ ਨੇ ਦਿੱਲੀ ਵੱਲ ਨੂੰ ਉਡਾਣ ਭਰੀ।

ਦਿੱਲੀ ਵਿਖੇ ਪੱਤਿਆਂ ਦਾ ਰੰਗ ਜ਼ਿਆਦਾਤਰ ਹਰਾ ਹੀ ਸੀ, ਪਰ ਕਿਤੇ-ਕਿਤੇ ਸੋਨੇ ਰੰਗੀ ਭਾਹ ਮਾਰਦੇ, ਜ਼ਰਦ-ਪੀਲ਼ੇ ਤੇ ਭੂਰੇ ਨਜ਼ਰ ਆ ਰਹੇ ਸਨ। ਦਿੱਲੀ ਦੇ ਵਿਚ ਪ੍ਰਦੂਸ਼ਣ ਦਾ ਧੂਆਂ ਹਰ-ਤਰਫ਼ ਪਸਰਿਆ ਹੋਇਆ ਸੀ, ਵੈਸੇ ਮੌਸਮ ਥੋੜ੍ਹਾ ਗਰਮ ਸੀ।

ਆਪਣੇ ਨਾਨਕੇ ਚੰਡੀਗੜ੍ਹ ਪੁੱਜ ਕੇ, ਉਨ੍ਹਾਂ ਨੇ ਰੋਜ਼ ਗਾਰਡਨ ਤੇ ਸ਼ਾਂਤੀ ਪੱਥ ਦੀ ਸੈਰ ਕੀਤੀ, ਜਿੱਥੇ ਪਿੱਪਲ ਦੇ ਅੱਧੇ-ਹਰੇ ਤੇ ਅੱਧੇ-ਪੀਲ਼ੇ, ਅਮਲਤਾਸ ਦੇ ਚਮਕਦਾਰ ਪੀਲ਼ੇ ਤੇ ਕਈ ਹੋਰ ਦਰਖਤਾਂ ਦੇ ਲਾਲ-ਕਿਰਮਚੀ ਪੱਤੇ ਦੇਖੇ। ਉਨ੍ਹਾਂ ਨੇ ਚੰਡੀਗੜ੍ਹ ਆਰਟ ਮਿਊਜ਼ੀਅਮ ਵੀ ਦੇਖਿਆ।

'ਸਾਨੂੰ ਤਾਂ ਇੱਥੇ ਰਹਿੰਦਿਆਂ ਇੰਨੇ ਸਾਲ ਹੋ ਗਏ ਨੇ ਅਸੀਂ ਤਾਂ ਕਦੇ ਨਹੀਂ ਸੋਚਿਆ ਕਿ ਇੰਨਾ ਸੋਹਣਾ ਮਿਊਜ਼ੀਅਮ ਇੱਥੇ ਹੋਏਗਾ!' ਉਸਦੀ ਮਸੇਰੀ ਭੈਣ ਨੇ ਹੈਰਾਨ ਹੁੰਦਿਆਂ ਕਿਹਾ।

'ਹਾਂ, ਇੱਥੇ ਸੱਚਮੁੱਚ ਬਹੁਤ ਹੀ ਸ਼ਾਨਦਾਰ ਚਿੱਤਰ ਤੇ ਮੂਰਤੀਆਂ ਹਨ!' ਆਨਿਆ ਵੀ ਦਾਦ ਦਿੰਦਿਆਂ ਬੋਲੀ।

ਪੰਜਾਬ ਵਿਚ ਹਰੇ-ਭਰੇ ਖੇਤ ਉਸਨੂੰ ਬਹੁਤ ਹੀ ਮਨਮੋਹਣੇ ਤੇ ਦਿਲ ਲੁਭਾਉਣੇ ਲੱਗ ਰਹੇ ਸਨ ਕਿ ਉਹ ਪਤਝੜ ਨੂੰ ਭੁੱਲ ਹੀ ਗਈ।

'ਹਾਂ, ਬੇਟੇ ਕਿਉਂਕਿ ਇੰਡੀਆ ਇਕੁਏਟਰ (ਭੂਮੱਧ ਰੇਖਾ) ਦੇ ਨੇੜੇ ਹੈ ਤੇ ਇੱਥੇ ਸਾਰਾ ਸਾਲ ਤੇਜ਼ ਧੁੱਪ ਰਹਿੰਦੀ ਹੈ, ਇਸ ਕਰਕੇ ਇੱਥੇ ਉੱਤਰੀ ਅਮਰੀਕਾ ਵਾਂਗ ਚਾਰ ਮੌਸਮ ਨਹੀਂ ਹੋ ਸਕਦੇ। ਪਤਝੜ ਇੱਥੇ ਦੋ ਮਹੀਨੇ ਦੀ ਹੁੰਦੀ ਹੈ ਜੋ ਮਾਨਸੂਨ ਤੋਂ ਸਰਦੀ ਵਿਚ ਤਬਦੀਲੀ ਦੀ ਨਿਸ਼ਾਨਦੇਹੀ ਕਰਦੀ ਹੈ।' ਉਸਦੇ ਪਿਤਾ ਜੀ ਉਸਨੂੰ ਸਮਝ ਰਹੇ ਸਨ।

ਉਹ ਇੰਡੀਆ ਦੇ ਸਭ ਤੋਂ ਖੂਬਸੂਰਤ ਕੁਦਰਤੀ ਨਜ਼ਾਰਿਆਂ, ਹਿਮਾਲਿਆ ਪਰਬਤ, ਫੁੱਲਾਂ ਨਾਲ਼ ਲੱਦੀਆਂ ਵਾਦੀਆਂ ਦੇ ਪ੍ਰਦੇਸ਼ ਕਸ਼ਮੀਰ ਵੀ ਘੁੰਮਣ ਗਏ, ਜਿਸ ਦੇ ਬਾਰੇ ਕਹਿੰਦੇ ਹਨ ਕਿ ਜੇ ਧਰਤੀ 'ਤੇ ਕਿਤੇ ਸਵਰਗ ਹੈ ਤਾਂ ਉੱਥੇ ਹੀ ਹੈ। ਅਸਲੀ ਪਤਝੜ ਦਾ ਨਜ਼ਾਰਾ ਤਾਂ ਉੱਥੇ ਦੇਖਣ ਵਾਲ਼ਾ ਸੀ। ਉਸਨੇ ਪੂਰੀ ਕਸ਼ਮੀਰ ਘਾਟੀ ਲਾਲ, ਭੂਰੇ ਅਤੇ ਸੰਗਤਰੀ ਰੰਗਾਂ ਦੀ ਫੁਲਕਾਰੀ ਵਿਚ ਬਦਲੀ ਹੋਈ ਦੇਖੀ! ਉੱਚੇ-ਲੰਮੇ ਚਿਨਾਰ ਦੇ ਰੁੱਖ ਵੀ ਦੇਖੇ ਜੋ ਸੰਗਤਰੀ ਤੇ ਲਾਲ ਭਾਹ ਮਾਰ ਰਹੇ ਸਨ। ਇੰਨਾ ਸ਼ਾਨਦਾਰ ਦ੍ਰਿਸ਼ ਤੇ ਦੂਰ ਹਿਮਾਲਿਆ ਪਰਬਤ 'ਤੇ ਅਜੇ ਵੀ ਪਈ ਬਰਫ਼ ਦੇਖ ਕੇ ਅਚੰਭਿਤ ਰਹਿ ਗਈ। ਉਸਨੂੰ ਅਮਰੀਕਾ ਦੀ ਬਰਫ਼ ਦੀ ਯਾਦ ਆ ਗਈ, ਜਿਸ ਵਿਚ ਉਸਨੂੰ ਸਨੋਮੈਨ (ਬਰਫ਼ ਦਾ ਆਦਮੀ) ਬਣਾਉਣਾ ਤੇ ਫਿਸਲਣਾ ਬਹੁਤ ਚੰਗਾ ਲਗਦਾ ਸੀ।

ਵਾਪਸ ਦਿੱਲੀ ਏਅਰਪੋਰਟ ਨੂੰ ਜਾਂਦਿਆ ਉਸਦੇ ਡੈਡ ਨੇ ਪੁੱਛਿਆ, 'ਬੇਟੇ, ਇਥੇ ਪਤਝੜ ਦੇਖ ਕੇ ਕਿਸ ਤਰ੍ਹਾਂ ਦਾ ਲੱਗਿਆ?'

'ਬਹੁਤ ਵਧੀਆ, ਡੈਡ, ਮਜ਼ਾ ਆ ਗਿਆ। ਤੁਹਾਨੂੰ ਕਿਵੇਂ ਦਾ ਲੱਗਿਆ?'

ਉਸਦੇ ਡੈਡ ਕਹਿ ਰਹੇ ਸਨ, 'ਵਧੀਆ ਲੱਗਿਆ, ਪਤਝੜ ਦਾ ਮੌਸਮ ਬਹੁਤ ਵਧੀਆ ਹੁੰਦਾ ਹੈ ਤੇ ਤਾਜ਼ਾ ਜਿਹੀ ਠੰਡ ਬਹੁਤ ਚੰਗੀ ਲਗਦੀ ਹੈ, ਪਰ ਗਲੋਬਲ ਵਾਰਮਿੰਗ ਨੇ ਬਹੁਤ ਕੰਮ ਖਰਾਬ ਕੀਤਾ ਹੈ - ਇਸ ਵਾਰ ਮੈਨੂੰ ਪਤਝੜ ਦੇ ਪੱਤੇ ਬੜੇ ਧੁੰਦਲੇ ਤੇ ਮਟਿਆਲ਼ੇ ਦਿਖੇ।'

'ਹਾਂ, ਸੰਸਾਰ ਦਾ ਦਿਨੋਂ-ਦਿਨ ਵਧਦਾ ਤਾਪਮਾਨ ਤੇ ਜਲਵਾਯੂ ਪਰਿਵਰਤਨ ਵਿਚਾਰੇ ਦਰਖਤਾਂ ਨੂੰ ਹੈਰਾਨ-ਪਰੇਸ਼ਾਨ ਕਰ ਰਿਹਾ ਹੈ। ਕਦੇ ਪਤਝੜ ਪਹਿਲਾਂ ਤੇ ਕਦੇ ਲੇਟ ਆ ਰਹੀ ਹੈ।' ਉਸਦੀ ਮੰਮੀ ਬੋਲੀ, ਜੋ ਗਲੋਬਲ-ਵਾਰਮਿੰਗ ਵਾਰੇ ਬਹੁਤ ਚਿੰਤਾ ਕਰਦੀ ਸੀ।

ਜਦੋਂ ਉਹ ਵਾਪਸ ਅਮੀਰਕਾ ਪਹੁੰਚੇ ਤਾਂ ਹੈਰਾਨ ਹੀ ਰਹਿ ਗਏ, ਉਥੇ ਬਰਫ਼ ਦਾ ਤੂਫ਼ਾਨ ਆਇਆ ਹੋਇਆ ਸੀ।

'ਅਕਤੂਬਰ ਵਿਚ ਬਰਫ਼!' ਉਹ ਸਾਰੇ ਬਹੁਤ ਹੈਰਾਨ ਹੋ ਰਹੇ ਸਨ।

'ਬਰਫ਼ ਤਾਂ ਦਸੰਬਰ ਤੋਂ ਬਾਅਦ ਸ਼ੁਰੂ ਹੁੰਦੀ ਹੈ। ਇਹ ਕੀ ਹੋਇਆ?'

ਉਸਦੇ ਡੈਡ ਨੇ ਖ਼ਬਰਾਂ ਸੁਣਨ ਲਈ ਕਾਰ ਦਾ ਰੇਡੀਓ ਚਾਲੂ ਕਰ ਦਿੱਤਾ ਸੀ।

'ਇਹ ਸਾਰਾ ਵਰਤਾਰਾ ਜਲਵਾਯੂ ਪਰਿਵਰਤਨ ਕਰਕੇ ਹੀ ਹੈ।' ਉਸਦੀ ਮੰਮੀ ਨੇ ਚਿੰਤਾ ਕਰਦਿਆਂ ਕਿਹਾ, 'ਉਮੀਦ ਹੈ ਘਰ ਵਿਚ ਬਿਜਲੀ ਹੋਵੇਗੀ। ਰੇਡੀਓ ਤੇ ਦੱਸ ਰਹੇ ਹਨ, ਕਿ ਰੁੱਖਾਂ ਦਿਆਂ ਪੱਤਿਆਂ ਉੱਤੇ ਭਾਰੀ ਬਰਫ਼ ਦੇ ਦਬਾਅ ਕਾਰਣ ਬਹੁਤ ਸਾਰੇ ਰੁੱਖਾਂ ਦੀਆਂ ਟਹਿਣੀਆਂ ਟੁੱਟ ਗਈਆਂ ਹਨ ਤੇ ਹਜ਼ਾਰਾਂ ਹੀ ਰੁੱਖ ਡਿੱਗ ਪਏ ਹਨ। ਇਸ ਕਰਕੇ ਕਈ ਰੁੱਖਾਂ ਦੀਆਂ ਟਹਿਣੀਆਂ ਬਿਜਲੀ ਦੀਆਂ ਤਾਰਾਂ ਉੱਪਰ ਵੀ ਡਿਗ ਪਈਆਂ ਹਨ, ਜਿਸ ਕਰਕੇ ਲੱਖਾਂ ਲੋਕ ਬਿਜਲੀ ਤੋਂ ਬਿਨਾਂ ਹਨ।'

'ਹਾਂ, ਸਰਦੀਆਂ ਵਿਚ ਜਦੋਂ ਬਰਫ਼ ਪੈਂਦੀ ਹੈ ਤਾਂ ਕਿਉਂਕਿ ਰੁੱਖਾਂ 'ਤੇ ਪੱਤੇ ਨਹੀਂ ਹੁੰਦੇ ਤਾਂ ਬਰਫ਼ ਉਨ੍ਹਾਂ ਉੱਤੇ ਇੰਨਾ ਬੋਝ ਨਹੀਂ ਪਾ ਸਕਦੀ।' ਉਸਦੇ ਡੈਡ ਨੇ ਦੱਸਿਆ।

ਜਦੋਂ ਉਹ ਆਪਣੇ ਘਰ ਦੇ ਕੋਲ਼ ਪਹੁੰਚੇ ਤਾਂ ਬਿਜਲੀ ਦੀਆਂ ਤਾਰਾਂ ਡਿਗਣ ਨਾਲ਼ ਰਸਤੇ ਬੰਦ ਸਨ, ਉਹ ਬੜੀ ਮੁਸ਼ਕਿਲ ਨਾਲ਼ ਕਿਸੇ ਹੋਰ ਰਸਤਿਓਂ ਘਰ ਪੁੱਜੇ। ਰਸਤੇ ਵਿਚ ਉਹਨਾਂ ਨੇ ਦੇਖਿਆ ਕਿ ਕਿਸੇ ਵੀ ਘਰ ਬਿਜਲੀ ਨਹੀਂ ਸੀ ਅਤੇ ਜਦੋਂ ਉਹ ਆਪਣੇ ਘਰ ਪਹੁੰਚੇ ਤਾਂ ਉਨ੍ਹਾਂ ਦੇ ਗੁਆਂਢ ਤੇ ਘਰ ਵੀ ਬਿਜਲੀ ਨਹੀਂ ਸੀ। ਉਹ ਕਾਫ਼ੀ ਥੱਕੇ ਹੋਏ ਸਨ, ਇਸ ਕਰਕੇ ਇਸ ਉਮੀਦ ਵਿਚ ਸੌਂ ਗਏ ਕਿ ਹੋ ਸਕਦਾ ਹੈ ਸਵੇਰ ਤੱਕ ਬਿਜਲੀ ਆ ਜਾਵੇ।

ਦੂਸਰੇ ਦਿਨ ਜਦੋ ਉਹ ਉੱਠੇ ਤਾਂ ਪਤਝੜ ਦੇ ਰੰਗ-ਬਿਰੰਗੇ ਪੱਤਿਆਂ ਦੇ ਉੱਪਰ ਪਈ ਕਪਾਹ ਦੀਆਂ ਫੁੱਟੀਆਂ ਵਰਗੀ ਚਿੱਟੀ-ਚਿੱਟੀ ਬਰਫ਼ ਇੱਕ ਅਜੀਬ ਜਿਹਾ ਅਹਿਸਾਸ ਦੇ ਰਹੀ ਸੀ। ਸਵੇਰੇ ਵੀ ਬਿਜਲੀ ਨਹੀਂ ਸੀ ਤੇ ਨਹਾਉਣ ਲਈ ਗਰਮ ਪਾਣੀ ਵੀ ਨਹੀਂ ਸੀ।

ਉਹਨਾਂ ਨੇ ਦੇਖਿਆ ਕਿ ਉਨ੍ਹਾਂ ਦੇ ਘਰ ਅਗਲਾ ਦਰਖਤ ਵੀ ਅੱਧਾ ਟੁੱਟ ਚੁੱਕਾ ਸੀ। ਆਨਿਆ ਉਸਨੂੰ ਦੇਖ ਕੇ ਬਹੁਤ ਉਦਾਸ ਹੋਈ।

ਪਰ ਉਂਝ ਆਨਿਆ ਖ਼ੁਸ਼ ਸੀ ਕਿ ਕਿਉਂਕਿ ਉਹ ਪਤਝੜ ਦੇ ਕੁਦਰਤੀ ਨਜ਼ਾਰੇ ਦੇਖ ਕੇ ਆਈ ਸੀ ਤੇ ਅੱਜ ਹੈਲੋਵੀਨ ਦਾ ਤਿਓਹਾਰ ਸੀ। ਹੈਲੋਵੀਨ ਦਾ ਤਿਓਹਾਰ ਹਰ ਸਾਲ ਅਕਤੂਬਰ ਦੇ ਆਖਰੀ ਦਿਨ ਨੂੰ ਮਨਾਇਆ ਜਾਂਦਾ ਹੈ, ਜਦੋਂ ਬੱਚੇ ਸ਼ਾਮ ਦੇ ਘੁਸਮੁਸੇ ਵਿਚ ਅਲੱਗ-ਅਲੱਗ ਭੇਸ ਬਣਾ ਕੇ, ਆਪਣੇ ਮਨਪਸੰਦ ਪੁਸ਼ਾਕੇ ਪਾ ਕੇ ਘਰੋ-ਘਰੀ ਕੈਂਡੀਆਂ ਮੰਗਣ ਜਾਂਦੇ ਹਨ। ਪਰ ਜਲਦੀ ਹੀ ਉਸਦੀ ਖ਼ੁਸ਼ੀ ਉਦਾਸੀ ਵਿਚ ਬਦਲ ਗਈ ਕਿਉਂਕਿ ਸਾਰੇ ਘਰਾਂ ਵਿਚ ਬਿਜਲੀ ਨਾ ਹੋਣ ਕਰਕੇ ਸਰਕਾਰ ਨੇ ਹੈਲੋਵੀਨ ਦਾ ਤਿਉਹਾਰ ਇੱਕ-ਦੋ ਦਿਨ ਲਈ ਅੱਗੇ ਕਰ ਦਿੱਤਾ ਸੀ! ਹੁਣ ਉਸਨੂੰ ਹੈਲੋਵੀਨ ਮਨਾਉਣ ਲਈ ਇੰਤਜ਼ਾਰ ਕਰਨਾ ਪੈਣਾ ਸੀ! ਬਿਜਲੀ ਆਉਣ ਨੂੰ ਦੋ ਦਿਨ ਲੱਗ ਗਏ ਜੋ ਕਿ ਆਮ ਗੱਲ ਨਹੀਂ ਸੀ। ਜੇ ਕਦੇ ਤੂਫ਼ਾਨ ਕਰਕੇ ਬਿਜਲੀ ਜਾਂਦੀ ਸੀ ਤਾਂ ਕੁਝ ਕੁ ਘੰਟਿਆਂ ਅੰਦਰ ਹੀ ਵਾਪਸ ਆ

ਜਾਂਦੀ ਸੀ। ਪਰ ਇਹ ਕੋਈ ਆਮ ਤੂਫ਼ਾਨ ਨਹੀਂ ਸੀ ਆਇਆ, ਅਜਿਹਾ ਪਹਿਲਾਂ ਕਦੇ ਨਹੀਂ ਸੀ ਹੋਇਆ ਤੇ ਅਕਤੂਬਰ ਵਿਚ ਬਰਫ਼ ਪੈਣ ਦਾ ਇੱਕ ਨਵਾਂ ਰਿਕਾਰਡ ਪੈਦਾ ਹੋਇਆ ਸੀ। ਇਸ ਬਰਫ਼ੀਲੇ ਤੂਫ਼ਾਨ ਨਾਲ਼ ਜਾਨ-ਮਾਲ ਦਾ ਵੀ ਕਾਫ਼ੀ ਨੁਕਸਾਨ ਹੋਇਆ ਸੀ। ਇਹ ਆਪਣੇ ਆਪ ਵਿਚ ਇੱਕ ਅਨੋਖੀ "ਸਫ਼ੈਦ ਹੈਲੋਵੀਨ" ਸੀ!




## ਹਰਿਆਵਲੀਆਂ ਗਰਮੀਆਂ



ਸੂਰਜ ਚਮਕਦਾ ਹੈ। ਰੁੱਖਾਂ ਦੇ ਪੱਤੇ ਤਾਜ਼ੇ ਅਤੇ ਹਰੇ ਹੁੰਦੇ ਹਨ, ਕਿਉਂਕਿ ਉਨ੍ਹਾਂ ਦੇ ਅੰਦਰ ਕਲੋਰੋਫਿਲ ਹੁੰਦਾ ਹੈ, ਜੋ ਕਿ ਹਰਾ ਰੰਗ ਹੈ। ਪੱਤਿਆਂ ਦੇ ਸੰਗਤਰੀ ਅਤੇ ਹਰੇ ਰੰਗ ਵੀ ਹੁੰਦੇ ਹਨ, ਪਰ ਹਰੀ ਕਲੋਰੋਫਿਲ ਦੂਜੇ ਰੰਗਾਂ ਨੂੰ ਰੋਕ ਦਿੰਦੀ ਹੈ।

## ਰੰਗ-ਬਿਰੰਗੀ ਪਤਝੜ



ਜਲਦੀ ਹੀ, ਠੰਢੀ ਪਤਝੜ ਆਉਂਦੀ ਹੈ। ਹਵਾ ਵਗਦੀ ਹੈ ਤੇ ਪੱਤਿਆਂ ਨੂੰ ਹਿਲੋਰਾ ਦਿੰਦੀ ਹੈ। ਪਰ ਉਹ ਡਿੱਗਦੇ ਨਹੀਂ, ਮਸਤੀ ਵਿਚ ਝੂਮਦੇ ਹਨ। ਉਨ੍ਹਾਂ ਦੇ ਤਣੇ ਉਨ੍ਹਾਂ ਨੂੰ ਟਹਿਣੀਆਂ ਨਾਲ ਕੱਸ ਕੇ ਰੱਖਦੇ ਹਨ। ਪਰ ਅਛੋਪੋਲੇ ਪੱਤੇ ਬਦਲ ਜਾਂਦੇ ਹਨ। ਉਹ ਕਲੋਰੋਫਿਲ ਬਣਾਉਣਾ ਬੰਦ ਕਰ ਦਿੰਦੇ ਹਨ। ਓੜਕ, ਪੀਲੇ ਅਤੇ ਸੰਗਤਰੀ ਰੰਗ ਉੱਘੜ ਕੇ ਸਾਹਵੇਂ ਆਉਂਦੇ ਹਨ। ਪਤਝੜ ਦੇ ਪੱਤੇ ਸ਼ੋਖ ਤੇ ਚਮਕਦਾਰ ਹੁੰਦੇ ਹਨ। ਬਹੁਤ ਸਾਰੇ ਪੱਤੇ ਹਵਾ ਦੇ ਬੁੱਲਿਆਂ ਨਾਲ਼ ਝੜ ਕੇ ਉਡਦੇ ਹਨ ਤੇ ਜ਼ਮੀਨ ਤੇ ਡਿਗ ਕੇ ਧਰਤੀ ਨੂੰ ਰੰਗ-ਬਿਰੰਗੀ ਚਾਦਰ ਨਾਲ਼ ਢਕਦੇ ਹਨ।

## ਭੂਰੀਆਂ ਸਰਦੀਆਂ



ਹੁਣ ਪੱਤੇ ਇੱਕ ਵਾਰ ਫੇਰ ਬਦਲਦੇ ਹਨ। ਉਨ੍ਹਾਂ ਦੇ ਤਣੇ ਪੂਰੀ ਤਰ੍ਹਾਂ ਬੰਦ ਹੋ ਜਾਂਦੇ ਹਨ। ਪੱਤਿਆਂ ਨੂੰ ਹੁਣ ਰੁੱਖ ਤੋਂ ਪਾਣੀ ਜਾਂ ਭੋਜਨ ਨਹੀਂ ਮਿਲ ਸਕਦਾ। ਉਹ ਮੁਰਝਾ ਜਾਂਦੇ ਹਨ ਅਤੇ ਟਾਹਣੀਆਂ ਤੋਂ ਝੜ ਜਾਂਦੇ ਹਨ। ਸੁੱਕੇ ਭੂਰੇ ਪੱਤੇ ਜ਼ਮੀਨ ਨੂੰ ਢੱਕ ਲੈਂਦੇ ਹਨ। ਰੁੱਖ ਸਾਰੀ ਸਰਦੀਆਂ ਰੁੰਡ-ਮੁੰਡ ਰਹਿੰਦੇ ਹਨ। ਬਸੰਤ ਰੁੱਤ ਵਿੱਚ, ਨਵੇਂ ਪੱਤੇ ਉੱਗਣਗੇ।

## ਬਸੰਤ ਬਹਾਰ


ਬਸੰਤ ਰੁੱਤ ਦੌਰਾਨ ਦਿਨ ਲੰਮੇ ਤੇ ਤਾਪਮਾਨ ਵਧਣਾ ਸ਼ੁਰੂ ਹੋ ਜਾਂਦਾ ਹੈ। ਜਿਵੇਂ-ਜਿਵੇਂ ਦਿਨ ਵੱਡੇ ਹੁੰਦੇ ਜਾਂਦੇ ਹਨ, ਸੂਰਜ ਦੀ ਰੌਸ਼ਨੀ ਵਧੇਰੇ ਭਰਪੂਰ ਹੁੰਦੀ ਜਾਂਦੀ ਹੈ, ਰੁੱਖਾਂ ਵਿੱਚ ਬਦਲਾਅ ਆਉਣਾ ਸ਼ੁਰੂ ਹੋ ਜਾਂਦਾ ਹੈ, ਡੋਡੀਆਂ ਨਿੱਕਲਦੀਆਂ ਹਨ ਅਤੇ ਨਵੇਂ ਪੱਤੇ ਫੁੱਲਦੇ ਤੇ ਫੁੱਲ ਖਿੜਦੇ ਹਨ । ਬਸੰਤ-ਬਹਾਰ ਦਾ ਨਿੱਘਾ ਮੌਸਮ ਆਉਂਦਾ ਹੈ ਤੇ ਰੁੱਖ ਰੰਗਾਂ ਨਾਲ਼ ਸ਼ਿੰਗਾਰੇ ਜਾਂਦੇ ਹਨ।



## ਉੱਤਰੀ-ਅਮਰੀਕਾ ਵਿਚ ਪਤਝੜ ਦੇ ਪੱਤਿਆਂ ਦੇ ਰੰਗਾਂ ਦਾ ਚਾਰਟ

| | |
|---|---|
| ਡੌਗਵੁੱਡ | ਜਾਮਨੀ ਲਾਲ |
| ਓਕ | ਲਾਲ ਜਾਂ ਭੂਰਾ |
| ਮੇਪਲ | ਸੰਤਰੀ ਲਾਲ |
| ਐਸਪੇਨ | ਸੋਨਾ |

**ਤੁਹਾਡੇ ਦੇਸ਼ ਵਿਚ ਭਿੰਨ-ਭਿੰਨ ਦਰਖਤਾਂ ਦੇ ਪੱਤੇ ਪਤਝੜ ਵਿਚ ਕਿਹੜੇ ਰੰਗ ਬਦਲਦੇ ਹਨ?**



# ਬਦਲਦੇ ਮੌਸਮ

*"ਸਾਡੇ ਲਈ ਧਰਤੀ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਅਸੀਂ ਨਵੀਂ ਧਰਤੀ ਨਹੀਂ ਖ਼ਰੀਦ ਸਕਦੇ!" – ਪੀ.ਜੇ. ਹੋਮਜ਼, ਇੱਕ 8 ਸਾਲ ਦਾ ਬੱਚਾ ਇਹ ਕਹਿ ਰਿਹਾ ਹੈ। ਫਿਰ ਗੱਲ ਪਿੱਛੋਂ ਤੁਰਦੀ ਹੈ।*

ਮਨੁੱਖਾਂ ਦੀ ਅਣਗਹਿਲੀ ਤੇ ਦੁਰਵਰਤੋਂ ਨਾਲ ਧਰਤੀ ਦਾ ਜਲਵਾਯੂ ਬਦਲ ਰਿਹਾ ਹੈ ਤੇ ਧਰਤੀ ਦਾ ਤਾਪਮਾਨ ਨਿਰੰਤਰ ਵਧ ਰਿਹਾ ਹੈ ਜਿਸ ਨਾਲ ਧਰਤੀ ਦਿਨੋਂ-ਦਿਨ ਹੋਰ ਗਰਮ ਹੋ ਰਹੀ ਹੈ। ਇਸ ਦਾ ਨਤੀਜਾ ਇਹ ਹੈ ਕਿ ਧਰਤੀ 'ਤੇ ਹੁਣ ਨਿਰੰਤਰ ਭਿਆਨਕ ਤੂਫ਼ਾਨ, ਵਾਵਰੋਲੇ, ਟਾਈਫੂਨ ਤੇ ਹੜ੍ਹ ਆ ਰਹੇ ਹਨ ਤੇ ਹਰ ਜਗ੍ਹਾ ਖ਼ਤਰਨਾਕ ਗਰਮੀ ਪੈ ਰਹੀ ਹੈ। ਇਹ ਕਹਾਣੀ ਭਵਿੱਖ ਵਿੱਚ ਇੱਕ ਅਜਿਹੇ ਸਮੇਂ ਦੀ ਹੈ ਜਦੋਂ ਮਨੁੱਖ ਤੇ ਧਰਤੀ ਦੇ ਹੋਰ ਜੀਵ ਇਸ ਮਾਰੂ ਵਰਤਾਰੇ ਦਾ ਸ਼ਿਕਾਰ ਹੋ ਕੇ ਲੋਪ ਹੋ ਚੁੱਕੇ ਹਨ। ਕੋਈ ਵੀ ਜੀਵ-ਜੰਤੂ ਨਹੀਂ ਬਚਿਆ। ਸਿਰਫ਼ ਸਮੁੰਦਰ ਵਿਚਲੇ ਕੁਝ ਕੁ ਜੀਵ ਹੀ ਬਚੇ ਹਨ। ਉਨ੍ਹਾਂ ਵਿੱਚੋਂ ਕੁਝ ਵਿਸ਼ਾਲ ਕੇਕੜੇ ਵਰਗੇ ਜੀਵ ਵਿਕਸਤ ਹੋ ਗਏ ਹਨ ਜੋ ਜਲ ਅਤੇ ਥਲ ਦੋਵਾਂ ਵਿੱਚ ਰਹਿ ਸਕਦੇ ਹਨ। ਹੁਣ ਉਨ੍ਹਾਂ ਦਾ ਹੀ ਧਰਤੀ 'ਤੇ ਰਾਜ ਹੈ। ਉਹ ਸਮੁੰਦਰ ਤੱਟਾਂ 'ਤੇ ਵਿਸ਼ਾਲ ਤਿਤਲੀਆਂ ਦੇ ਮਗਰ ਤੁਰਦੇ ਹਨ ਤੇ ਉਨ੍ਹਾਂ ਦਾ ਸ਼ਿਕਾਰ ਕਰਕੇ ਆਪਣਾ ਪੇਟ ਭਰਦੇ ਹਨ।

ਬਹੁਤ ਸਾਰੀ ਧਰਤੀ ਸਿਰਫ਼ ਆਮ ਜਿਹੀ ਕਾਈ ਨਾਲ ਢਕੀ ਹੋਈ ਹੈ। ਧਰਤੀ ਦੀ ਦਸ਼ਾ ਬਹੁਤ ਖ਼ਰਾਬ ਹਾਲਤ ਵਿੱਚ ਹੈ। ਅਜੇ ਵੀ ਨਿਰੰਤਰ ਮੌਸਮ ਬਦਲਦੇ ਹਨ – ਕਦੇ ਮੀਂਹ-ਝੱਖੜ ਤੇ ਕਦੇ ਅੱਤ ਦੀ ਗਰਮੀ!

ਰਾਤ ਦਾ ਸਮਾਂ ਹੈ। ਚਾਰੇ ਪਾਸੇ ਸੁੰਨਮਸਾਨ ਪਸਰੀ ਹੋਈ ਹੈ। ਸਮੁੰਦਰ ਤੱਟ 'ਤੇ ਲਹਿਰਾਂ ਦਾ ਸ਼ੋਰ ਵੀ ਮੱਠਾ ਪੈ ਗਿਆ ਹੈ। ਪੰਛੀਆਂ ਦੀਆ ਆਵਾਜ਼ਾਂ ਵੀ ਨਹੀਂ ਆ ਰਹੀਆਂ, ਇਸ ਕਰਕੇ ਨਹੀਂ ਕਿ ਉਹ ਆਪਣੇ ਆਲ੍ਹਣਿਆਂ ਨੂੰ ਵਾਪਸ ਮੁੜ ਗਏ ਹਨ, ਸਗੋਂ ਇਸ ਕਰਕੇ ਕਿ ਕੋਈ ਪੰਛੀ ਬਚਿਆ ਹੀ ਨਹੀਂ। ਇੱਕ ਪਾਸੇ ਤੱਟ 'ਤੇ ਥੋੜ੍ਹੀ ਹਲਚਲ ਹੋ ਰਹੀ ਹੈ। ਛੋਟੇ-ਛੋਟੇ ਕੇਕੜੇ ਇੱਕ ਵਿਸ਼ਾਲ ਕੇਕੜੇ ਦੇ ਦੁਆਲੇ ਇਕੱਠੇ ਹੋ ਰਹੇ ਹਨ।

"ਦਾਦੀ ਮਾਂ, ਸਾਨੂੰ ਨੀਂਦ ਨਹੀਂ ਆ ਰਹੀ। ਕੋਈ ਬਾਤ ਤਾਂ ਪਾਵੋ।" ਉਨ੍ਹਾਂ ਵਿੱਚੋਂ ਇੱਕ ਕੇਕੜਾ ਬੋਲਦਾ ਹੈ।

ਵਿਸ਼ਾਲ ਕੇਕੜਾ ਕਹਿੰਦਾ ਹੈ, "ਠੀਕ ਹੈ ਬੱਚਿਓ, ਅੱਜ ਮੈਂ ਤੁਹਾਨੂੰ ਮਨੁੱਖਾਂ ਦੀ ਕਹਾਣੀ ਸੁਣਾਉਂਦੀ ਹਾਂ।"

"ਇਹ ਮਨੁੱਖ ਕੌਣ ਹੁੰਦੇ ਹਨ?"

"ਬਹੁਤ ਸਦੀਆਂ ਪਹਿਲਾਂ ਸਾਡੀ ਧਰਤੀ 'ਤੇ ਮਨੁੱਖਾਂ ਦਾ ਰਾਜ ਸੀ। ਉਨ੍ਹਾਂ ਨੇ ਬਹੁਤ ਤਰੱਕੀ ਕੀਤੀ। ਪੱਥਰ ਯੁੱਗ ਤੋਂ ਲੈ ਕੇ ਆਧੁਨਿਕ ਯੁੱਗ ਤੱਕ ਤਰ੍ਹਾਂ-ਤਰ੍ਹਾਂ ਦੇ ਸਾਜ਼ੋ-ਸਾਮਾਨ ਬਣਾਏ। ਪਹਿਲਾਂ-ਪਹਿਲ ਉਨ੍ਹਾਂ ਦਾ ਜੀਵਨ ਸਾਦਾ ਸੀ, ਪਰ ਯੁੱਗਾਂ ਦੇ ਬਦਲਣ ਨਾਲ ਉਨ੍ਹਾਂ ਦਾ ਜੀਵਨ ਗੁੰਝਲਦਾਰ ਬਣਦਾ ਗਿਆ। ਉਨ੍ਹਾਂ ਦੀ ਆਬਾਦੀ ਵੀ ਵਧਦੀ ਗਈ ਤੇ ਉਨ੍ਹਾਂ ਦੀ ਭੁੱਖ ਵੀ। ਉਹ ਇੱਕ ਦੂਜੇ ਤੋਂ ਖੋਹ ਕੇ ਖਾਣ ਲੱਗੇ। ਲੜਾਈਆਂ-ਮਾਰਕੁਟਾਈਆਂ ਕਰ ਕੇ ਇੱਕ ਦੂਜੇ ਨੂੰ ਮਾਰਨ ਲੱਗੇ। ਉਹ ਜੀਵਨ ਦੀ ਕਦਰ ਭੁੱਲ ਗਏ। ਉਹ ਜੰਗਲ ਵੱਢਣ ਲੱਗੇ ਤੇ ਜੰਗਲ ਖ਼ਤਮ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਕਰਕੇ ਬਹੁਤ ਸਾਰੇ ਜੀਵ-ਜੰਤੂ ਲੋਪ ਹੋ ਗਏ। ਅਜਿਹਾ ਵਰਤਾਰਾ ਕਈ ਯੁੱਗਾਂ ਤੱਕ ਚੱਲਦਾ ਰਿਹਾ, ਪਰ ਫਿਰ ਇਕਦਮ ਬਹੁਤ ਜਲਦੀ ਤਬਦੀਲੀ ਆਉਣੀ ਸ਼ੁਰੂ ਹੋ ਗਈ ਜਦੋਂ ਮਨੁੱਖਾਂ ਨੇ ਕਾਰਖਾਨੇ ਲਗਾਉਣੇ ਸ਼ੁਰੂ ਕੀਤੇ। ਜੈਵਿਕ ਬਾਲਣ – ਕੋਲਾ, ਪੈਟਰੋਲ ਤੇ ਗੈਸ ਆਦਿ ਵਰਤਣ ਨਾਲ ਇੱਕ ਸਦੀ ਦੇ ਅੰਦਰ-ਅੰਦਰ ਹੀ ਧਰਤੀ ਦਾ ਤਾਪਮਾਨ ਇੱਕ ਡਿਗਰੀ ਤੋਂ ਵੀ ਵਧ ਗਿਆ।"

"ਕੀ ਇੱਕ ਡਿਗਰੀ ਤਾਪਮਾਨ ਦਾ ਵਧਣਾ ਨੁਕਸਾਨਦੇਹ ਹੈ?" ਇੱਕ ਹੁਸ਼ਿਆਰ ਕੇਕੜਾ ਬੋਲਿਆ।

"ਤੁਹਾਨੂੰ ਲੱਗੇਗਾ ਕਿ ਧਰਤੀ ਦੇ ਤਾਪਮਾਨ ਦਾ ਇੱਕ ਡਿਗਰੀ ਵਧਣਾ ਤਾਂ ਕੁਝ ਵੀ ਨਹੀਂ, ਪਰ ਪੂਰੀ ਧਰਤੀ ਦਾ ਤਾਪਮਾਨ ਕਿਸੇ ਖੇਤਰ ਦੇ ਆਮ ਤਾਪਮਾਨ ਤੋਂ ਬਹੁਤ ਅਲੱਗ ਹੁੰਦਾ ਹੈ। ਉਹ ਇਸ ਗੱਲ ਉਤੇ ਬਹੁਤ ਨਿਰਭਰ ਕਰਦਾ ਹੈ ਕਿ ਧਰਤੀ ਨੇ ਸੂਰਜ ਤੋਂ ਕਿੰਨੀ ਤਪਿਸ਼ ਲਈ ਹੈ ਤੇ ਕਿੰਨੀ ਵਾਪਸ ਪੁਲਾੜ ਵਿੱਚ ਛੱਡੀ ਹੈ। ਧਰਤੀ ਦਾ ਤਾਪਮਾਨ ਤਕਰੀਬਨ ਸਥਿਰ ਰਹਿੰਦਾ ਹੈ। ਜੇ ਧਰਤੀ ਵਾਯੂਮੰਡਲ ਵਿੱਚ ਜ਼ਿਆਦਾ ਕਾਰਬਨ ਡਾਇਆਕਸਾਈਡ ਗੈਸ ਹੋਣ ਕਰਕੇ ਘੱਟ ਤਪਿਸ਼ ਵਾਪਸ ਪੁਲਾੜ ਵਿੱਚ ਛੱਡਦੀ ਹੈ ਤਾਂ ਉਸ ਦਾ ਤਾਪਮਾਨ ਇੱਕ-ਇੱਕ ਡਿਗਰੀ ਵਧਦਾ ਜਾਵੇਗਾ।

"ਇੱਕ ਡਿਗਰੀ ਵਾਧਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਧਰਤੀ ਦੇ ਸਾਰੇ ਸਮੁੰਦਰਾਂ ਤੇ ਜ਼ਮੀਨ ਨੂੰ ਇੱਕ ਡਿਗਰੀ ਗਰਮ ਕਰਨ ਲਈ ਬਹੁਤ ਜ਼ਿਆਦਾ ਤਾਪਮਾਨ ਚਾਹੀਦਾ ਹੈ। ਇਤਿਹਾਸ ਗਵਾਹ ਹੈ ਕਿ ਆਲਮੀ ਤਾਪਮਾਨ ਵਿੱਚ ਇੱਕ ਡਿਗਰੀ ਦੇ ਘਾਟੇ ਨੇ ਧਰਤੀ ਨੂੰ ਛੋਟੇ ਬਰਫ਼ ਯੁੱਗ ਵਿੱਚ ਧੱਕ ਦਿੱਤਾ ਸੀ, ਪਰ ਉਸ ਥੋੜ੍ਹੇ ਜਿਹੇ ਵਾਧੇ

ਨਾਲ ਇੰਨੀ ਗਰਮੀ ਹੋ ਗਈ ਜੋ ਕਿ ਜੀਵਾਂ ਤੇ ਬਨਸਪਤੀ ਦੀ ਸਿਹਤ ਲਈ ਬਹੁਤ ਘਾਤਕ ਸਾਬਤ ਹੋਈ ਜੋ ਕਿ ਅਸੀਂ ਸਭ ਹੁਣ ਵੀ ਦੇਖ ਹੀ ਰਹੇ ਹਾਂ। ਉਸ ਨਾਲ ਪੂਰੀ ਧਰਤੀ ਦੇ ਸਮੁੰਦਰ ਵਿੱਚ ਕੋਰਲ ਰੀਫ਼ ਖਤਮ ਹੋ ਗਈਆਂ। ਧਰਤੀ ਦੇ ਧਰੁਵਾਂ 'ਤੇ ਬਰਫ਼ ਦੇ ਗਲੇਸ਼ੀਅਰ ਪਿਘਲ ਗਏ। ਗਰਮੀ ਨੇ ਸਭ ਰਿਕਾਰਡ ਤੋੜ ਦਿੱਤੇ। ਅੰਤਾਂ ਦੀ ਗਰਮੀ ਨਾਲ ਜੀਵ-ਜੰਤੂ ਤਾਂ ਕੀ ਮਨੁੱਖ ਵੀ ਮਰਨ ਲੱਗੇ।"

ਕਹਾਣੀ ਸੁਣਦੇ ਹੋਏ ਸਾਰੇ ਕੇਕੜੇ ਬੱਚੇ ਹੈਰਾਨ ਹੋ ਰਹੇ ਹਨ!

"ਮਨੁੱਖਾਂ ਨੇ ਧਰਤੀ, ਹਵਾ, ਪਾਣੀ, ਵਿਚਾਰੇ ਜੀਵ-ਜੰਤੂਆਂ ਤੇ ਰਹਿਮਦਿਲ ਲੋਕਾਂ ਦੀ ਫਰਿਆਦ ਨਾ ਸੁਣੀ! ਉਹ ਜੈਵਿਕ ਬਾਲਣ ਬਾਲਦੇ ਗਏ ਤੇ ਹਵਾ ਵਿੱਚ ਕਾਰਬਨ ਡਾਇਆਕਸਾਈਡ ਤੇ ਹੋਰ ਗੈਸਾਂ ਦਾ ਜ਼ਹਿਰ ਭਰਦੇ ਗਏ। ਅਸਮਾਨ, ਧਰਤੀ ਤੇ ਜੰਗਲ ਅੱਗ ਨਾਲ ਸੜਨ ਲੱਗੇ।"

ਕਹਾਣੀ ਸੁਣਦੇ ਹੋਏ ਬੱਚੇ ਜਲਦੇ ਸੰਸਾਰ ਬਾਰੇ ਸੋਚ ਕੇ ਡੂੰਘੇ ਸਾਹ ਲੈ ਰਹੇ ਹਨ। ਉਨ੍ਹਾਂ ਲਈ ਇਹ ਕੋਈ ਨਵੀਂ ਗੱਲ ਨਹੀਂ ਹੈ, ਉਹ ਸਭ ਰੋਜ਼ ਇਹ ਵਰਤਾਰਾ ਦੇਖਦੇ ਹਨ।

"ਫਿਰ ਕੀ ਹੋਇਆ?"

ਵਿਸ਼ਾਲ ਕੇਕੜਾ ਗੰਭੀਰਤਾ ਨਾਲ ਕਹਿ ਰਿਹਾ ਹੈ, "ਉਸ ਤੋਂ ਬਾਅਦ ਬਰਫ਼ ਪਿਘਲ ਗਈ, ਸਮੁੰਦਰ ਚੜ੍ਹ ਗਏ। ਕੁਦਰਤ ਦਾ ਸੰਤੁਲਨ ਵਿਗੜ ਗਿਆ। ਤੂਫਾਨ ਪ੍ਰਚੰਡ ਹੋ ਗਏ, ਜ਼ਰਖੇਜ਼ ਜ਼ਮੀਨਾਂ ਰੇਗਿਸਤਾਨ ਵਿੱਚ ਬਦਲ ਗਈਆਂ ਅਤੇ ਸਮੁੰਦਰ ਦੇ ਜੀਵ ਜਾਂ ਤਾਂ ਲੋਪ ਹੋ ਗਏ ਜਾਂ ਸਮੁੰਦਰ ਵਿੱਚ ਡੂੰਘਾ ਉਤਰ ਗਏ।"

"ਫਿਰ ਕੀ ਹੋਇਆ?" ਕੇਕੜੇ ਬੱਚੇ ਚੀਕ ਕੇ ਪੁੱਛਦੇ ਹਨ।

ਵਿਸ਼ਾਲ ਕੇਕੜੇ ਨੇ ਸਾਹ ਭਰਿਆ, "ਅੰਤ ਵਿੱਚ, ਮਨੁੱਖ ਅਤੇ ਬਹੁਤ ਸਾਰੇ ਜਾਨਵਰ ਵਾਤਾਵਰਨ ਤਬਦੀਲੀਆਂ ਤੋਂ ਬਚ ਨਹੀਂ ਸਕੇ ਜੋ ਉਨ੍ਹਾਂ ਨੇ ਆਪ ਹੀ ਕੀਤੀਆਂ ਸਨ। ਸਭ ਖ਼ੂਬਸੂਰਤ ਜੀਵਾਂ ਦੀਆਂ ਆਵਾਜ਼ਾਂ ਇੱਕ-ਇੱਕ ਕਰਕੇ ਹਮੇਸ਼ਾ ਲਈ ਚੁੱਪ ਹੋ ਗਈਆਂ।"

ਬੱਚੇ ਵਿਸ਼ਾਲ ਕੇਕੜੇ ਦੇ ਨੇੜੇ ਹੋ ਰਹੇ ਹਨ, ਉਨ੍ਹਾਂ 'ਤੇ ਉਦਾਸੀ ਦੀ ਲਹਿਰ ਪਸਰ ਰਹੀ ਹੈ। ਕਈਆਂ ਨੂੰ ਨੀਂਦ ਆ ਰਹੀ ਹੈ ਤੇ ਕਈ ਡਰਦੇ ਹੋਏ ਸੌਂ ਰਹੇ ਹਨ ਜਾਂ ਕੰਬ ਰਹੇ ਹਨ। ਪਰ ਵਿਸ਼ਾਲ ਕੇਕੜਾ ਕਹਿ ਰਿਹਾ ਹੈ, "ਕਹਾਣੀ ਇੱਥੇ ਹੀ ਖ਼ਤਮ ਨਹੀਂ ਹੁੰਦੀ। ਮਨੁੱਖਾਂ ਦੇ ਲੋਪ ਹੋਣ ਤੋਂ ਬਾਅਦ ਭਿਆਨਕ ਵਾਤਾਵਰਨ ਵਿੱਚ ਵੀ ਹੋਰ ਨਵੀਂ ਜ਼ਿੰਦਗੀ ਪਨਪਣ ਲੱਗੀ। ਸਮੁੰਦਰ ਇੱਕ ਸ਼ਰਣਗਾਹ ਬਣ ਗਿਆ- ਹਰ ਪ੍ਰਕਾਰ ਦੇ ਜੀਵ-ਜੰਤੂਆਂ ਨਾਲ ਭਰਿਆ ਹੋਇਆ। ਸਾਡੇ ਵਰਗੇ ਜੀਵ ਵੀ ਜੀਵੰਤ ਰੰਗਾਂ ਨਾਲ ਖਿੜ ਗਏ।"

ਕੇਕੜੇ ਬੱਚਿਆਂ ਨੇ ਸੁੱਖ ਦਾ ਸਾਹ ਲਿਆ ਤੇ ਆਪਣੇ ਖੁਸ਼ਹਾਲ ਘਰ ਧਰਤੀ ਤੇ ਸਮੁੰਦਰ ਵੱਲ ਦੇਖਿਆ।

"ਮੇਰੇ ਬੱਚਿਓ, ਸਾਨੂੰ ਅਤੀਤ ਤੋਂ ਸਿੱਖਣਾ ਚਾਹੀਦਾ ਹੈ।" ਵਿਸ਼ਾਲ ਕੇਕੜੇ ਨੇ ਸਬਕ ਸੁਣਾਇਆ, "ਸਾਨੂੰ ਆਪਣੇ ਸੰਸਾਰ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਇਸ ਦੀ ਰੱਖਿਆ ਕਰਨੀ ਚਾਹੀਦੀ ਹੈ। ਇਹ ਯਕੀਨੀ ਬਣਾਉਣ

ਲਈ ਕਿ ਸਾਡੇ ਤੋਂ ਪਹਿਲਾਂ ਆਏ ਜੀਵਾਂ ਦੀਆਂ ਗ਼ਲਤੀਆਂ ਦੁਹਰਾਈਆਂ ਨਾ ਜਾਣ ਕਿਉਂਕਿ ਸਾਡੇ ਵਿੱਚ ਭਵਿੱਖ ਨੂੰ ਬਦਲਣ ਦੀ ਸ਼ਕਤੀ ਹੈ।"

"ਬਿਲਕੁਲ, ਅਸੀਂ ਧਰਤੀ ਨੂੰ ਬਚਾਉਣ ਦੀ ਜ਼ਰੂਰ ਕੋਸ਼ਿਸ਼ ਕਰਾਂਗੇ।" ਜਾਗਦੇ ਤੇ ਉਤਸੁਕ ਕੇਕੜੇ ਬੱਚੇ ਕਹਿੰਦੇ ਹਨ। ਅਚਾਨਕ ਇਕਦਮ ਆਕਾਸ਼ ਕਾਲਾ ਪੈ ਗਿਆ ਤੇ ਮੋਹਲੇਧਾਰ ਮੀਂਹ ਪੈਣਾ ਸ਼ੁਰੂ ਹੋ ਗਿਆ।

"ਚਲੋ ਜਲਦੀ ਨਾਲ ਸਭ ਆਪਣੀ ਗੁਫ਼ਾ ਵੱਲ ਨੱਠੋ।" ਇੰਨਾ ਸੁਣਦਿਆਂ ਸਭ ਕੇਕੜੇ ਮੀਂਹ ਤੋਂ ਬਚਣ ਲਈ ਆਪਣੀ ਗੁਫ਼ਾ ਵੱਲ ਨੂੰ ਚੱਲ ਪੈਂਦੇ ਹਨ। ਉਹ ਸਭ ਸੋਚਦੇ ਹਨ, "ਅਜੇ ਵੀ ਉਮੀਦ ਤੇ ਜ਼ਿੰਦਗੀ ਜਿੰਦਾ ਹੈ – ਜੋ ਬਦਲਦੇ ਮੌਸਮਾਂ ਵਿੱਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਫੁੱਲਿਤ ਹੋ ਰਹੀ ਹੈ!"

## ਆਓ, ਧਰਤੀ ਪ੍ਰਤੀ ਸੰਵੇਦਨਸ਼ੀਲ ਹੋਈਏ

ਧਰਤੀ ਦੀ ਉਮਰ 4.6 ਅਰਬ ਸਾਲ ਹੈ ਤੇ ਇਸ ਉੱਤੇ ਮਨੁੱਖਾਂ ਦੀ ਜਨਸੰਖਿਆ 8 ਅਰਬ ਤੋਂ ਵੀ ਵੱਧ ਹੈ। ਅਸੀਂ ਸਾਰੇ ਹੱਦਾਂ-ਬੰਨੇ ਤੋੜ ਰਹੇ ਹਾਂ ਤੇ ਧਰਤੀ ਦੇ ਵਿਤ ਜਾਂ ਗੁੰਜਾਇਸ਼ ਨੂੰ ਪਰਖ ਰਹੇ ਹਾਂ। ਜਗ੍ਹਾ ਜਗ੍ਹਾ ਕੂੜਾ-ਕਰਕਟ, ਪਲਾਸਟਿਕ ਤੇ ਕੱਚ ਆਦਿ ਖਿਲਾਰ ਰਹੇ ਹਾਂ, ਦਰਿਆਵਾਂ ਤੇ ਸਾਗਰਾਂ ਨੂੰ ਗੰਧਲਾ ਕਰ ਰਹੇ ਹਾਂ। ਜੇ ਇਹ ਸਿਲਸਿਲਾ ਇਸ ਤਰ੍ਹਾਂ ਹੀ ਜਾਰੀ ਰਿਹਾ ਤਾਂ ਛੇਤੀ ਹੀ ਸਾਗਰਾਂ ਵਿੱਚ ਮੱਛੀਆਂ ਤੋਂ ਜ਼ਿਆਦਾ ਪਲਾਸਟਿਕ ਦੇ ਟੁਕੜੇ ਹੋਣਗੇ ਜੋ ਕਿ ਇਕੱਠੇ ਤਾਂ ਕੀ, ਗਿਣੇ ਵੀ ਨਹੀਂ ਜਾ ਸਕਣਗੇ। ਕੂੜੇ ਤੇ ਪਲਾਸਟਿਕ ਦੇ ਢੇਰ ਧਰਤੀ 'ਤੇ ਅਸਹਿ ਬੋਝ ਪਾ ਰਹੇ ਹਨ। ਮਾਈਕਰੋ ਪਲਾਸਟਿਕ ਮਨੁੱਖੀ ਸਰੀਰ ਦੇ ਅੰਦਰ ਵੀ ਪਹੁੰਚ ਚੁੱਕੇ ਹਨ। ਉਹ ਸਮਾਂ ਦੂਰ ਨਹੀਂ ਜਦੋਂ ਧਰਤੀ ਮਾਂ ਹੋਰ ਬੋਝ ਨਹੀਂ ਸਹਿ ਸਕੇਗੀ। ਇਸ ਕਰਕੇ ਸਾਨੂੰ ਧਰਤੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਣ ਦਾ ਪ੍ਰਣ ਕਰਨਾ ਚਾਹੀਦਾ ਹੈ, ਭਾਵੇਂ ਛੋਟੀ ਸ਼ੁਰੂਆਤ ਹੀ ਕਰੀਏ, ਪਰ ਕਰੀਏ ਤਾਂ ਜ਼ਰੂਰ।






ਇੱਕ ਵਾਰ ਦੀ ਗੱਲ ਹੈ, ਗੋਲਡੀਲੌਕਸ ਨਾਂ ਦੀ ਇੱਕ ਛੋਟੀ ਜਿਹੀ ਕੁੜੀ ਸੀ। ਇੱਕ ਦਿਨ ਸਵੇਰੇ ਉਹ ਸੈਰ ਕਰਨ ਨਿੱਕਲੀ ਤਾਂ ਘੁੰਮਦੀ ਘੁਮਾਉਂਦੀ ਜੰਗਲ ਵਿੱਚ ਭਟਕ ਗਈ...

ਉਸ ਜੰਗਲ ਵਿੱਚ ਇੱਕ ਘਰ ਸੀ, ਜਿਸ ਵਿੱਚ ਤਿੰਨ ਰਿੱਛ ਰਹਿੰਦੇ ਸੀ - ਡੈਡੀ ਰਿੱਛ, ਮੰਮੀ ਰਿੱਛ ਅਤੇ ਬੇਬੀ ਰਿੱਛ। ਸਵੇਰੇ ਉਹ ਉੱਠੇ ਤਾਂ ਡੈਡੀ ਰਿੱਛ ਨੇ ਨਾਸ਼ਤੇ ਵਿੱਚ ਦਲੀਆ ਬਣਾਇਆ। ਜਦੋਂ ਰਿੱਛ ਦਲੀਆ ਖਾਣ ਲੱਗੇ ਤਾਂ ਉਹ ਬਹੁਤ ਗਰਮ ਸੀ। ਉਹਨਾਂ ਨੇ ਸੋਚਿਆ ਕਿ ਜਦ ਤੱਕ ਦਲੀਆ ਠੰਡਾ ਹੁੰਦਾ ਹੈ ਉਹ ਸੈਰ ਕਰ ਆਉਂਦੇ ਹਨ। ਉਹ ਸੈਰ ਕਰਨ ਨਿੱਕਲ ਗਏ ਪਰ ਘਰ ਦਾ ਦਰਵਾਜ਼ਾ ਬੰਦ ਕਰਨਾ ਭੁੱਲ ਗਏ।

ਥੋੜੀ ਦੇਰ ਬਾਅਦ ਗੋਲਡੀਲੌਕਸ ਉੱਥੇ ਪਹੁੰਚੀ ਤਾਂ ਉਸ ਨੇ ਘਰ ਦਾ ਦਰਵਾਜ਼ਾ ਖੁੱਲ੍ਹਾ ਦੇਖਿਆ ਤਾਂ ਉਹ ਅੰਦਰ ਚਲੀ ਗਈ। ਉਸ ਨੇ ਮੇਜ਼ 'ਤੇ ਦਲੀਏ ਦੀਆਂ ਭਰੀਆਂ ਤਿੰਨ ਕਟੋਰੀਆਂ ਵੇਖੀਆਂ। ਗਰਮਾ-ਗਰਮ ਦਲੀਏ ਦੀ ਖ਼ੁਸ਼ਬੂ ਨਾਲ ਉਸ ਦੇ ਮੂੰਹ ਵਿੱਚ ਪਾਣੀ ਭਰ ਆਇਆ। ਉਸ ਨੇ ਪਹਿਲੀ ਕਟੋਰੀ ਵਿੱਚੋਂ ਇੱਕ ਚਮਚਾ ਭਰ ਕੇ ਸਵਾਦ ਦੇਖਿਆ। ਗਰਮ ਗਰਮ ਦਲੀਏ ਨਾਲ ਉਸਦੀ ਜੀਭ ਜਲ ਗਈ। ਉਹ ਚੀਕ ਕੇ ਬੋਲੀ - 'ਇਹ ਦਲੀਆ ਬਹੁਤ ਗਰਮ ਹੈ!'

ਫੇਰ ਉਸ ਨੇ ਦੂਸਰੀ ਕਟੋਰੀ ਵਿੱਚੋਂ ਇੱਕ ਚਮਚਾ ਖਾਧਾ। ਪਰ ਉਹ ਬਹੁਤ ਠੰਡਾ ਸੀ। ਉਹ ਬੋਲੀ - 'ਇਹ ਦਲੀਆ ਬਹੁਤ ਠੰਡਾ ਹੈ!'

ਫੇਰ ਉਸ ਨੇ ਤੀਸਰੀ ਕਟੋਰੀ ਵਿੱਚੋਂ ਇੱਕ ਚਮਚਾ ਖਾਧਾ। ਉਹ ਨਾਂ ਬਹੁਤਾ ਗਰਮ ਸੀ ਅਤੇ ਨਾਂ ਹੀ ਬਹੁਤਾ ਠੰਡਾ। 'ਇਹ ਦਲੀਆ ਬਿਲਕੁਲ ਠੀਕ ਹੈ!' ਇਹ ਕਹਿ ਕੇ ਉਹ ਸਾਰੀ ਕਟੋਰੀ ਖਾ ਗਈ।

ਫੇਰ ਉਹ ਉੱਪਰ ਗਈ ਜਿਥੇ ਤਿੰਨੇ ਰਿੱਛ ਸੌਂਦੇ ਸਨ। ਉਸ ਨੇ ਉੱਥੇ ਤਿੰਨ ਬਿਸਤਰੇ ਵਿਛੇ ਦੇਖੇ। ਸੈਰ ਕਰਕੇ ਉਹ ਬਹੁਤ ਥੱਕ ਚੁੱਕੀ ਸੀ। ਉਸਦਾ ਮਨ ਅਰਾਮ ਕਰਨ ਨੂੰ ਕੀਤਾ...

ਪਹਿਲਾਂ ਉਹ ਡੈਡੀ ਰਿੱਛ ਦੇ ਬਿਸਤਰੇ ਤੇ ਲੇਟੀ।

'ਇਹ ਬਿਸਤਰਾ ਬਹੁਤ ਸਖਤ ਹੈ!' ਉਹ ਬੋਲੀ।

ਫੇਰ ਉਹ ਮੰਮੀ ਰਿੱਛ ਦੇ ਬਿਸਤਰੇ ਤੇ ਲੇਟੀ।

'ਇਹ ਬਿਸਤਰਾ ਬਹੁਤ ਨਰਮ ਹੈ!' ਉਸ ਨੇ ਕਿਹਾ।

ਫੇਰ ਉਹ ਬੇਬੀ ਰਿੱਛ ਦੇ ਬਿਸਤਰੇ ਤੇ ਲੇਟੀ।

'ਇਹ ਬਿਸਤਰਾ ਬਿਲਕੁਲ ਠੀਕ ਹੈ!' ਇੰਨਾ ਕਹਿੰਦਿਆਂ ਉਹ ਪਲਕ ਝਪਕਦਿਆਂ ਹੀ ਸੌਂ ਗਈ..

ਜਦੋਂ ਤਿੰਨੇ ਰਿੱਛ ਵਾਪਿਸ ਆਏ ਤਾਂ ਉਹਨਾਂ ਨੇ ਦੇਖਿਆ ਕਿ ਕੋਈ ਜਣਾ ਉਹਨਾਂ ਦਾ ਦਲੀਆ ਖਾ ਰਿਹਾ ਸੀ ...

'ਕੋਈ ਮੇਰਾ ਦਲੀਆ ਖਾ ਰਿਹਾ ਸੀ !' ਡੈਡੀ ਰਿੱਛ ਬੋਲਿਆ।

'ਮੇਰਾ ਵੀ !' ਮੰਮੀ ਰਿੱਛ ਬੋਲੀ।

'ਦੇਖੋ! ਕੋਈ ਮੇਰਾ ਦਲੀਆ ਸਾਰਾ ਖਾ ਗਿਆ!' ਬੇਬੀ ਰਿੱਛ ਚੀਕਿਆ ...

ਚਲੋ ਉੱਪਰ ਜਾ ਕੇ ਦੇਖਦੇ ਹਾਂ। ਤਿੰਨੇ ਰਿੱਛ ਫੇਰ ਉੱਪਰ ਆਪਣੇ ਸੌਣ ਵਾਲੇ ਕਮਰੇ ਵਿੱਚ ਗਏ। ਡੈਡੀ ਰਿੱਛ ਨੇ ਦੇਖਿਆ ਕਿ ਉਸ ਦੇ ਬਿਸਤਰੇ ਤੇ ਸਿਲਵਟਾਂ ਪਈਆਂ ਹੋਇਆ ਹਨ।

'ਕੋਈ ਮੇਰੇ ਬਿਸਤਰੇ ਤੇ ਸੁੱਤਾ ਪਿਆ ਸੀ!' ਉਹ ਬੋਲਿਆ।

'ਹਾਂ ਮੇਰੇ ਵੀ!' ਮੰਮੀ ਰਿੱਛ ਬੋਲੀ!

'ਦੇਖੋ! ਕੋਈ ਮੇਰੇ ਬਿਸਤਰੇ ਤੇ ਸੁੱਤਾ ਪਿਆ ਹੈ!' ਬੇਬੀ ਰਿੱਛ ਚੀਖਿਆ ...

ਇੰਨੇ ਨੂੰ ਅਵਾਜ਼ਾਂ ਸੁਣ ਕੇ ਗੋਲਡੀਲੌਕਸ ਤ੍ਰਭਕ ਦੇਣੀ ਉਠ ਪਈ। ਉਸ ਨੇ ਤਿੰਨ ਰਿੱਛ ਦੇਖੇ ਤਾਂ ਉੱਚੀ ਦੇਣੀ ਚੀਕੀ ...

'ਬਚਾਓ!' ਉਹ ਬਿਸਤਰੇ ਤੋਂ ਕੁੱਦੀ ਅਤੇ ਉਥੋਂ ਪਲਾਂ ਵਿੱਚ ਹੀ ਬਾਹਰ ਨੱਠ ਗਈ। ਤਿੰਨੇ ਰਿੱਛ ਅੱਖਾਂ ਅੱਡੀ ਹੈਰਾਨੀ ਨਾਲ਼ ਦੇਖਦੇ ਰਹਿ ਗਏ!

ਗੋਲਡੀਲੌਕਸ  ਦੁਬਾਰਾ ਫਿਰ ਕਦੇ ਇਸ ਤਰ੍ਹਾਂ ਕਿਸੇ ਦੇ ਘਰ ਨਹੀਂ ਗਈ!

# ਨਵੀਂ ਜਾਣਕਾਰੀ


ਇਸੇ ਤਰ੍ਹਾਂ 4.5 ਅਰਬ ਸਾਲ ਪਹਿਲਾਂ ਦੀ ਗੱਲ ਹੈ। ਸਾਡਾ ਸੌਰਮੰਡਲ ਸਿਤਾਰਿਆਂ ਦੇ ਬੱਦਲਾਂ ਤੇ ਧੂੜ ਤੋਂ ਹੋਂਦ ਵਿਚ ਆਇਆ, ਜਿਸਤੋਂ ਇੱਕ ਗ਼ਰਦਿਸ਼ ਕਰਨ ਵਾਲ਼ੀ ਚੱਕੀ ਬਣੀ, ਜਿਸਦੇ ਕੇਂਦਰ ਵਿਚ ਦਬਾਅ ਇੰਨਾ ਵੱਧ ਸੀ ਕਿ ਹਾਈਡ੍ਰੋਜਨ ਪ੍ਰਮਾਣੂ ਇਕੱਠੇ ਹੋ ਕੇ ਹੀਲੀਅਮ ਬਣਾਉਣ ਲੱਗੇ, ਜਿਸ ਨਾਲ਼ ਅੰਤਾਂ ਦੀ ਊਰਜਾ ਪੈਦਾ ਹੋਈ ਤੇ ਸਾਡਾ ਸੂਰਜ ਹੋਂਦ ਵਿਚ ਆਇਆ। ਪਰ ਉਸੇ ਚੱਕੀ ਦੇ ਕੇਂਦਰ ਤੋਂ ਦੂਰ ਦੇ ਰਾਹਾਂ 'ਤੇ ਵੀ ਮਾਦਾ ਇਕੱਠਾ ਹੋਣਾ ਸ਼ੁਰੂ ਹੋ ਗਿਆ ਜਿਸ ਤੋਂ ਸਾਡੀ ਧਰਤੀ (ਪ੍ਰਿਥਵੀ), ਹੋਰ ਗ੍ਰਹਿ ਤੇ ਆਕਾਸ਼ੀ ਪਿੰਡ ਬਣੇ ਜੋ ਸੂਰਜ ਦੇ ਦੁਆਲ਼ੇ ਘੁੰਮਣ ਲੱਗੇ। ਸੂਰਜ ਦੇ ਨੇੜੇ ਬਹੁਤ ਗਰਮੀ ਸੀ ਇਸ ਲਈ ਉੱਥੇ ਪਥਰੀਲੇ ਗ੍ਰਹਿ ਹੀ ਬਣ ਸਕੇ, ਸੂਰਜ ਤੋਂ ਦੂਰ ਬਹੁਤ ਠੰਡ ਸੀ, ਬਰਫ਼ ਤੇ ਗੈਸ ਤੋਂ ਬ੍ਰਹਿਸਪਤੀ, ਸ਼ਨੀ ਵਰਗੇ ਗੈਸ ਦੇ ਵੱਡੇ-ਵੱਡੇ ਗ੍ਰਹਿ ਬਣ ਗਏ। ਬ੍ਰਹਿਸਪਤੀ ਗ੍ਰਹਿ ਇੰਨਾ ਵੱਡਾ ਹੈ ਕਿ ਉਹ ਇੱਕ ਹੋਰ ਸੂਰਜ ਬਣਦਾ-ਬਣਦਾ ਰਹਿ ਗਿਆ। ਇਸ ਤਰ੍ਹਾਂ ਸਾਡੀ ਧਰਤੀ ਵੀ ਇੱਕ ਪਥਰੀਲਾ ਗ੍ਰਹਿ ਬਣੀ ਪਰ ਕੁਦਰਤ ਦੇ ਰੰਗ ਵੇਖੋ ਧਰਤੀ ਨਾ ਬਹੁਤੀ ਗਰਮ ਹੈ ਤੇ ਨਾ ਹੀ ਬਹੁਤੀ ਠੰਡੀ ਹੈ, ਇੱਥੇ ਪਾਣੀ ਵੀ ਹੈ ਜੋ ਕਿ ਜੰਮ ਕੇ ਬਰਫ਼ ਨਹੀਂ ਬਣਿਆ ਹੈ, ਸਿਵਾਇ ਧਰੁਵੀ ਖੇਤਰਾਂ ਦੇ। ਧਰਤੀ ਸੂਰਜ ਤੋਂ ਬਿਲਕੁਲ ਸਹੀ ਦੂਰੀ ਤੇ ਹੈ ਜਿਸਨੂੰ ਵਿਗਿਆਨਕ ਗੋਲਡੀਲੌਕਸ ਖੇਤਰ (Goldilocks Zone) ਕਹਿੰਦੇ ਹਨ। ਹੁਣ ਸਾਨੂੰ ਗੋਲਡੀਲੌਕਸ ਦੀ ਕਹਾਣੀ ਤੋਂ ਸਮਝ ਆਇਆ ਕਿ ਧਰਤੀ ਉੱਤੇ 4 ਅਰਬ ਸਾਲ ਪਹਿਲਾਂ ਜੀਵਨ ਦੀ ਹੋਂਦ ਕਿਸ ਤਰ੍ਹਾਂ ਸ਼ੁਰੂ ਹੋਈ।

ਇਸ ਤਰ੍ਹਾਂ ਬ੍ਰਹਿਮੰਡ ਵਿਚ ਅਨੰਤ ਗ੍ਰਹਿ ਵੀ ਹਨ ਤੇ ਉਹਨਾਂ ਵਿੱਚੋਂ ਬਹੁਤ ਸਾਰੇ ਗੋਲਡੀਲੌਕਸ ਗ੍ਰਹਿ ਵੀ ਹੋਣੇ ਹਨ, ਜੋ ਆਪਣੇ ਸੂਰਜ ਤੋਂ ਸਾਡੀ ਧਰਤੀ ਵਾਂਗ ਸਹੀ ਦੂਰੀ ਉੱਤੇ ਹੁੰਦੇ ਹਨ, ਜੋ ਨਾਂ ਤਾਂ ਬਹੁਤੇ ਗਰਮ (ਜਿਵੇਂ ਕਿ ਬੁੱਧ ਤੇ ਸ਼ੁੱਕਰ) ਅਤੇ ਨਾਂ ਹੀ ਬਹੁਤੇ ਠੰਡੇ (ਬ੍ਰਹਿਸਪਤੀ, ਸ਼ਨੀ ਆਦਿ) ਹਨ ਅਤੇ ਜਿਹੜੇ ਆਪਣੀ ਹਿੱਕ ਤੇ ਸਾਡੇ ਵਰਗਾ ਜੀਵਨ ਸਮੋਈ ਬੈਠੇ ਹੋ ਸਕਦੇ ਹਨ! ਉਹਨਾਂ ਜੀਵਾਂ ਵਿਚ ਵੀ ਸਾਡੇ ਵਰਗੀਆਂ ਕਮਜ਼ੋਰੀਆਂ ਤੇ ਚੰਗੇ ਗੁਣ ਹੋ ਸਕਦੇ ਹਨ!

ਤਾਰਾ ਵਿਗਿਆਨੀ ਅੱਜ ਕੱਲ੍ਹ ਗੋਲਡੀਲੌਕਸ ਵਰਗੇ ਬਾਹਰਲੇ ਗ੍ਰਹਿ (Goldilocks exoplanets) ਲੱਭ ਰਹੇ ਹਨ, ਜੋ ਸਾਡੇ ਸੌਰ-ਮੰਡਲ ਤੋਂ ਬਾਹਰ ਦੇ ਤਾਰਿਆਂ ਦੁਆਲ਼ੇ ਘੁੰਮ ਰਹੇ ਹਨ। ਜੋ ਆਪਣੇ ਸੂਰਜ ਤੋਂ ਧਰਤੀ ਵਾਂਗ ਸਹੀ ਦੂਰੀ ਅਤੇ ਹਨ, ਜੋ ਨਾਂ ਤਾਂ ਬਹੁਤੇ ਗਰਮ ਅਤੇ ਨਾਂ ਹੀ ਬਹੁਤੇ ਠੰਡੇ ਹਨ ਅਤੇ ਜਿਨ੍ਹਾਂ ਤੇ ਜੀਵਨ ਦੀ ਹੋਂਦ ਹੋ ਸਕਦੀ ਹੈ! ਅਜਿਹਾ ਹੀ ਇੱਕ ਗ੍ਰਹਿ K2-18b ਹੈ, ਜਿਸ ਦੇ ਵਾਯੂਮੰਡਲ ਵਿਚ ਨਾਸਾ ਦੀ ਜੇਮਜ਼ ਵੈੱਬ ਟੈਲੀਸਕੋਪ ਨੇ ਮਿਥੇਨ ਤੇ ਕਾਰਬਨ ਡਾਈਆਕਸਾਈਡ ਲੱਭੀ ਹੈ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਗ੍ਰਹਿ ਹਨ ਤੇ ਕਿਸੇ ਗ੍ਰਹਿ ਤੇ ਆਕਸੀਜਨ ਵੀ ਹੋ ਸਕਦੀ ਹੈ। ਉਸ ਗ੍ਰਹਿ 'ਤੇ ਠੰਡਾ ਜਲਵਾਯੂ ਉੱਥੇ ਸਾਡੇ ਧਰੁਵੀ ਖੇਤਰਾਂ ਵਰਗੀ ਜ਼ਿੰਦਗੀ ਸਿਰਜ ਸਕਦਾ ਹੈ ਅਤੇ ਗਰਮ ਜਲਵਾਯੂ ਭੂ-ਮੱਧ ਰੇਖੀ ਖੇਤਰਾਂ ਵਰਗੀ ਜ਼ਿੰਦਗੀ ਸਿਰਜ ਸਕਦਾ ਹੈ ਜਾਂ ਫਿਰ ਦੋਵਾਂ ਤਰ੍ਹਾਂ ਦੀ ਜ਼ਿੰਦਗੀ ਵੀ ਸੰਭਵ ਹੋ ਸਕਦੀ ਹੈ। ਪਰ ਅਜੇ ਤੱਕ ਕਿਸੇ ਵੀ ਹੋਰ ਗ੍ਰਹਿ ਤੇ ਪ੍ਰਿਥਵੀ ਵਰਗੇ ਜੀਵਨ ਦੇ ਸਬੂਤ ਨਹੀਂ ਮਿਲੇ ਹਨ।

**Exoplanet K2-18 b (Illustration)**

**Image Credit: NASA**






ਪੰਜਾਬ ਦੀ ਇੱਕ ਸਵੇਰ - ਠੰਡੀ ਫ਼ੁਹਾਰ ਚੱਲ ਰਹੀ ਸੀ। ਅਜੇ ਪਹੁ ਫੁਟਾਲਾ  ਨਹੀਂ ਨਹੀਂ ਸੀ ਹੋਇਆ। ਸੂਰਜ ਅਜੇ ਚੜ੍ਹਨ ਲਈ ਆਪਣੀ ਲਾਲੀ ਸਮੇਟ ਰਿਹਾ ਸੀ ! ਦੂਰ ਕਿਤੇ ਖੇਤਾਂ ਵਲੋਂ ਚਿੜੀਆਂ ਦੇ ਚੂਕਣ ਦੀ ਆਵਾਜ਼ ਆ ਰਹੀ ਸੀ, ਜੋ ਸ਼ਾਇਦ ਆਪਣੇ ਬੋਟਾਂ ਲਈ ਖਾਣ ਦਾ ਉਪਰਾਲਾ ਕਰਨ ਜਾ ਰਹੀਆਂ ਸਨ। ਗਲ਼ੀ ਦੇ ਵਿੱਚ ਇੱਕ ਫ਼ਕੀਰ ਪ੍ਰਮਾਤਮਾ ਦਾ ਨਾਮ ਜੱਪਦਾ ਹੋਇਆ, ਸ਼ਹਿਦ ਜਿਹੀ ਮਿੱਠੀ ਆਵਾਜ਼ ਨਾਲ਼ ਗਾਉਂਦਾ ਜਾ ਰਿਹਾ ਸੀ - 'ਉਥੇ ਅਮਲਾਂ 'ਤੇ ਹੋਣਗੇ ਨਬੇੜੇ, ਕਿਸੇ ਨੀ ਤੇਰੀ ਜ਼ਾਤ ਪੁੱਛਣੀ।' ਉਹ ਕੁਝ ਮੰਗ ਨਹੀਂ ਰਿਹਾ ਸੀ - ਸਿਰਫ਼ ਤੇ ਸਿਰਫ਼ ਰੱਬ ਦਾ ਜੱਸ ਸੁਣਾ ਕੇ ਲੋਕਾਂ ਨੂੰ ਉਠਾ ਰਿਹਾ ਸੀ।

ਤੜਕੇ ਦੇ ਇਸ ਖ਼ੂਬਸੂਰਤ ਮਾਹੌਲ ਵਿੱਚ ਬਿੱਟੂ ਦੀ ਜਾਗ ਖੁੱਲ੍ਹ ਗਈ !

'ਮਾਤਾ ਜੀ, ਮੈਨੂੰ ਭੁੱਖ ਲੱਗੀ ਹੈ !'

ਮਾਤਾ ਜੀ ਨੇ ਅਜੇ ਚਾਟੀ ਵਿੱਚ ਮਧਾਣੀ ਪਾਈ ਹੀ ਸੀ, ਜਲਦੀ ਨਾਲ਼ ਉਨ੍ਹਾਂ ਨੇ ਅੱਧ-ਰਿੜਕਾ (ਲੱਸੀ) ਲਿਆ ਕੇ ਬਿੱਟੂ ਨੂੰ ਪੀਣ ਲਈ ਦੇ ਦਿੱਤਾ। ਅਣਮਨੇ ਜਿਹੇ ਢੰਗ ਨਾਲ਼ ਉਹ ਅੱਧ-ਰਿੜਕਾ ਪੀਣ ਲੱਗਿਆ। ਉਹ ਤਾਂ ਚਾਹ ਤੇ ਪੀਪੇ ਵਾਲ਼ੇ ਬਿਸਕੁਟਾਂ ਦੀ ਇੱਛਾ ਕਰ ਰਿਹਾ ਸੀ, ਜਾਂ ਫਿਰ ਤਾਜ਼ੀ ਡਬਲ-ਰੋਟੀ ਦੀ। ਪਰ ਉਸਨੂੰ ਅੱਧ-ਰਿੜਕਾ ਇੰਨਾ ਵੀ ਬੇਸੁਆਦਾ ਨਹੀਂ ਸੀ ਲਗਦਾ। ਮਾਤਾ ਜੀ ਕਹਿੰਦੇ ਸਨ ਕਿ ਅੱਧ-ਰਿੜਕਾ ਪੀਣ ਨਾਲ਼ ਚੰਗੀ ਸਿਹਤ ਬਣਦੀ ਹੈ। ਇਸ ਕਰਕੇ ਉਹ ਉਸਨੂੰ ਗਟਾ ਗਟ ਕਰਕੇ ਪੀ ਜਾਂਦਾ ਸੀ।

ਇੰਨੇ ਨੂੰ ਬਾਹਰ ਗਲ਼ੀ ਵਿੱਚੋਂ ਆਵਾਜ਼ ਆਈ - 'ਤਾਜ਼ੀ ਡਬਲ-ਰੋਟੀ ਲੈ ਲਓ !'

'ਮਾਤਾ ਜੀ, ਕਿਰਪਾ ਕਰਕੇ ਮੈਨੂੰ ਡਬਲ ਰੋਟੀ ਲੈ ਦਿਓ!' ਬਿੱਟੂ ਨੇ ਮਾਤਾ ਜੀ ਨੂੰ ਡਬਲ-ਰੋਟੀ ਲੈਣ ਲਈ ਪਿਆਰ ਨਾਲ਼ ਗੁਜ਼ਾਰਿਸ਼ ਕੀਤੀ। ਮਾਤਾ ਜੀ ਮੰਨ ਗਏ ਤੇ ਉਸ ਨੂੰ ਪੈਸੇ ਦੇ ਦਿੱਤੇ। ਬਿੱਟੂ ਫਟਾ ਫਟ ਬਾਹਰ ਗਲ਼ੀ ਵਿੱਚ ਡਬਲ-ਰੋਟੀ ਲੈਣ ਲਈ ਚਲਾ ਗਿਆ। ਡਬਲ-ਰੋਟੀ ਵਾਲ਼ੇ ਭਾਈ ਨੇ ਸਾਈਕਲ ਦੇ ਪਿੱਛੇ ਇੱਕ ਲੱਕੜੀ ਦੇ ਬਕਸੇ ਵਿੱਚ ਡਬਲ-ਰੋਟੀਆਂ ਪਾਈਆਂ ਹੋਈਆਂ ਸਨ। ਇਹ ਨਵਾਂ ਭਾਈ ਸੀ ਤੇ ਜ਼ਿਆਦਾ ਗੱਲਬਾਤ ਨਹੀਂ ਕਰਦਾ ਸੀ। ਬਿੱਟੂ ਨੂੰ ਪਹਿਲਾ ਭਾਈ ਬਹੁਤ ਚੰਗਾ ਲਗਦਾ ਸੀ, ਜੋ ਬੜੇ ਪਿਆਰ ਨਾਲ਼ ਡਬਲ-ਰੋਟੀ ਦਿੰਦਾ ਸੀ। ਇਹ ਭਾਈ ਚੁੱਪ ਰਹਿੰਦਾ ਸੀ ਤੇ ਡਬਲ-ਰੋਟੀ ਦੇ ਹੌਕੇ ਤੋਂ ਇਲਾਵਾ ਹੋਰ ਕੋਈ ਗੱਲ ਨਹੀਂ ਸੀ ਕਰਦਾ। ਇਹ ਸ਼ਾਇਦ ਪਹਿਲੇ ਭਾਈ ਦਾ ਬੇਟਾ ਸੀ, ਪਰ ਬਿੱਟੂ ਉਸ ਨੂੰ ਇਹ ਗੱਲ ਪੁੱਛਣ ਦੀ ਹਿੰਮਤ ਵੀ ਨਹੀਂ ਕਰ ਸਕਦਾ ਸੀ। ਖ਼ੈਰ, ਬਿੱਟੂ ਆਪਣੇ ਲਈ ਡਬਲ-ਰੋਟੀ ਲੈ ਕੇ ਅੰਦਰ ਆ ਗਿਆ। ਇੰਨੇ ਨੂੰ ਮਾਤਾ ਜੀ ਨੇ ਚਾਹ ਵੀ ਬਣਾ ਲਈ ਸੀ, ਬਿੱਟੂ ਨੇ ਬੜੇ ਸੁਆਦ ਨਾਲ਼ ਡਬਲ-ਰੋਟੀ ਚਾਹ ਵਿੱਚ ਡੋਬ ਕੇ ਖਾਧੀ। ਇਸ ਤਰ੍ਹਾਂ ਡਬਲ-ਰੋਟੀ ਖਾਣਾ ਉਸ ਨੂੰ ਬੜਾ ਚੰਗਾ ਲਗਦਾ ਸੀ।

ਬਿੱਟੂ ਨੂੰ ਡਬਲ-ਰੋਟੀ ਵੇਚਣ ਵਾਲ਼ਾ ਭਾਈ ਅਜੀਬ ਤੇ ਸਖਤ ਸੁਭਾਅ ਦਾ ਲਗਦਾ ਸੀ। ਉਸ ਨੇ ਕਦੇ ਵੀ ਬਿੱਟੂ ਨਾਲ਼ ਕੋਈ ਗੱਲਬਾਤ ਨਹੀਂ ਕੀਤੀ ਸੀ। ਉਸਦਾ ਚਿਹਰਾ ਵੀ ਹਾਵ-ਭਾਵ ਤੋਂ ਸੱਖਣਾ ਹੀ ਸੀ। ਕਦੇ ਕਦੇ ਉਹ ਸ਼ਾਮ ਨੂੰ ਵੀ ਡਬਲ-ਰੋਟੀ ਵੇਚਣ ਆਉਂਦਾ ਸੀ, ਜਦੋਂ ਬਿੱਟੂ ਬਾਹਰ ਖੇਲ੍ਹਦਾ ਸੀ। ਪਰ ਉਹ ਕਦੇ ਕੁਝ ਨਹੀਂ ਬੋਲਦਾ ਸੀ, ਸਿਰਫ਼ ਆਪਣੇ ਕੰਮ ਨਾਲ਼ ਕੰਮ ਰੱਖਦਾ ਸੀ। ਬਿੱਟੂ ਵੀ ਉਸ ਨਾਲ਼ ਗੱਲ ਕਰਨ ਦੀ ਕੋਸ਼ਿਸ਼ ਨਹੀਂ ਸੀ ਕਰਦਾ। ਗੋਲ-ਗੱਪਿਆਂ ਤੇ ਕੁਲਫ਼ੀ ਵੇਚਣ ਵਾਲ਼ੇ ਭਾਈ ਬੜੇ ਪਿਆਰ ਨਾਲ਼ ਗੱਲਬਾਤ ਕਰਦੇ ਸਨ। ਬਿੱਟੂ ਸੋਚਦਾ ਸੀ ਕਿ ਉਹ ਸ਼ਾਇਦ ਅਧੇੜ ਉਮਰ ਦੇ ਸਨ ਇਸ ਕਰਕੇ ਉਹਨਾਂ ਨੂੰ ਗੱਲਬਾਤ ਕਰਨ ਦਾ ਪਤਾ ਸੀ, ਉਹਨਾਂ ਨੇ ਦੁਨੀਆਂ ਦੇਖੀ ਸੀ। ਪਰ ਡਬਲ-ਰੋਟੀ ਵਾਲ਼ਾ ਭਾਈ ਅਜੇ ਜਵਾਨ ਸੀ, ਤੇ ਨਵਾਂ ਨਵਾਂ ਸੀ, ਅਜੇ ਉਸਨੂੰ ਇੰਨਾ ਤਜਰਬਾ ਨਹੀਂ ਸੀ। ਪਰ ਉਸਨੂੰ ਲੋੜ ਵੀ ਕੀ ਸੀ ਕਿਸੇ ਨਾਲ਼ ਸਿਰ-ਖਪਾਈ ਕਰਨ ਦੀ। ਉਸਦੀਆਂ ਡਬਲ-ਰੋਟੀਆਂ ਤਾਂ ਬਿਕ ਹੀ ਰਹੀਆਂ ਸਨ। ਨਾਲ਼ੇ ਉਹ ਉੱਥੇ ਇੱਕ ਇੱਕਲਾ ਹੀ ਡਬਲ-ਰੋਟੀ ਵੇਚਣ ਆਉਂਦਾ ਸੀ!

ਕੁਲਫ਼ੀ ਵੇਚਣ ਵਾਲ਼ਾ ਭਾਈ ਐਨ ਉਹਨਾਂ ਦੇ ਘਰ ਅੱਗੇ ਭੋਂਪੂ ਵਜਾ ਕੇ ਹੋਕਾ ਦਿੰਦਾ ਸੀ - 'ਮਲਾਈ ਵਾਲ਼ੀ ਠੰਡੀ ਠਾਰ ਕੁਲਫ਼ੀ ਲੈ ਲਓ!' ਭੋਂਪੂ ਦੀ ਆਵਾਜ਼ ਤੇ ਕੁਲਫ਼ੀ ਦਾ ਹੋਕਾ ਸੁਣ ਕੇ, ਬਿੱਟੂ ਫਟਾ ਫਟ ਮਾਤਾ ਜੀ ਤੋਂ ਪੈਸੇ ਲੈ ਕੇ ਬਾਹਰ ਨੂੰ ਦੌੜ ਜਾਂਦਾ ਸੀ। ਮਲਾਈ ਵਾਲ਼ੀ ਕੁਲਫ਼ੀ ਸੱਚੀਂ ਹੀ ਬੜੀ ਸੁਆਦ ਹੁੰਦੀ ਸੀ, ਜਿਸਨੂੰ ਖਾ ਕੇ ਉਸ ਦੀ ਰੂਹ ਖਿੜ ਜਾਂਦੀ ਸੀ ! ਪਰ ਉਸ ਦੇ ਦਾਦਾ ਜੀ ਕੁਲਫ਼ੀ ਵਾਲ਼ੇ ਨੂੰ ਗਾਲ੍ਹਾਂ ਕੱਢਦੇ ਸਨ ਤੇ ਪੁੱਛਦੇ ਸਨ ਕਿ ਉਹ ਸਾਡੇ ਘਰ

ਕੋਲ਼ ਆ ਕੇ ਹੀ ਕਿਓਂ ਹੋਕਾ ਦਿੰਦਾ ਸੀ? ਉਹ ਦਾਦਾ ਜੀ ਦੀ ਗੱਲ ਅਣਸੁਣੀ ਕਰ ਦਿੰਦਾ ਸੀ। ਕੁਲਫ਼ੀ ਵਾਲ਼ੇ ਭਾਈ ਨਾਲ਼ ਉਹ ਕਾਫ਼ੀ ਗੱਲਾਂ ਕਰਦਾ ਸੀ, ਕਿਉਂਕਿ ਉਹ ਤਕਰੀਬਨ ਰੋਜ਼ ਹੀ ਆਉਂਦਾ ਸੀ। ਉਹ ਗਰਮੀਆਂ ਵਿੱਚ ਕੁਲਫ਼ੀ ਤੇ ਸਰਦੀਆਂ ਵਿੱਚ ਗੁੜ੍ਹ ਵੇਚਦਾ ਸੀ।

ਉਸ ਦੇ ਦਾਦਾ ਜੀ ਗੋਲ-ਗੱਪਿਆਂ ਵਾਲ਼ੇ ਭਾਈ ਨਾਲ਼ ਵੀ ਨਾਰਾਜ਼ ਰਹਿੰਦੇ ਸਨ, ਜਿਹੜਾ ਬਿੱਟੂ ਦੇ ਘਰ ਦੇ ਬਾਹਰ ਆ ਕੇ ਖੜ ਜਾਂਦਾ ਸੀ। ਉਹ ਕਹਿੰਦੇ ਸਨ ਕਿ ਕੁਲਫ਼ੀ ਤੇ ਗੋਲ਼-ਗੱਪੇ ਗਲ਼ਾ ਖਰਾਬ ਕਰਦੇ ਹਨ ! ਪਰ ਬਿੱਟੂ ਨੂੰ ਭਾਈ ਦੇ ਗੋਲ਼-ਗੱਪੇ ਬੜੇ ਸੁਆਦਲੇ ਲਗਦੇ ਸਨ - ਕੁਰਕੁਰੇ ਤੇ ਖੱਟੇ-ਮਿੱਠੇ ਪਾਣੀ ਵਾਲ਼ੇ ! ਗੋਲ-ਗੱਪਿਆਂ ਵਾਲ਼ੇ ਭਾਈ ਦਾ ਸੁਭਾਅ ਬਹੁਤ ਵਧੀਆ ਸੀ ਤੇ ਉਹ ਬਿੱਟੂ ਨੂੰ ਬੜੇ ਪਿਆਰ ਨਾਲ਼ ਬੁਲਾਉਂਦਾ ਸੀ ! ਉਸ ਦੇ ਖੱਟੇ-ਮਿੱਠੇ ਗੋਲ਼-ਗੱਪੇ ਮੂੰਹ ਵਿੱਚ ਪਾਣੀ ਲਿਆ ਦਿੰਦੇ ਸਨ।

ਹੁਣ ਬਿੱਟੂ ਵੱਡਾ ਹੋ ਰਿਹਾ ਸੀ ਤੇ ਸਾਈਕਲ ਚਲਾਉਣਾ ਸਿੱਖ ਰਿਹਾ ਸੀ। ਸਾਈਕਲ ਉਸ ਦੇ ਕੱਦ ਦੇ ਮੁਤਾਬਿਕ ਕਾਫ਼ੀ ਵੱਡਾ ਸੀ, ਇਸ ਕਰਕੇ ਉਹ ਸਾਈਕਲ ਦੇ ਪੈਡਲਾਂ ਨੂੰ ਕੈਂਚੀ ਤਰੀਕੇ ਨਾਲ਼ ਚਲਾਉਂਦਾ ਸੀ। ਸਾਈਕਲ ਉੱਚਾ ਹੋਣ ਕਰਕੇ ਉਹ ਉਸ ਦੀ ਕਾਠੀ ਦੇ ਉੱਪਰੋਂ ਦੀ ਅਜੇ ਨਹੀਂ ਸੀ ਬੈਠ ਸਕਦਾ, ਕਿਉਂਕਿ ਉਸ ਦੇ ਪੈਰ ਪੂਰੀ ਤਰ੍ਹਾਂ ਪੈਡਲਾਂ ਤੱਕ ਨਹੀਂ ਸਨ ਪੁੱਜਦੇ। ਇਸ ਕਰਕੇ ਉਹ ਸਾਈਕਲ ਚਲਾਉਣ ਲਈ ਉਸ ਦੇ ਡੰਡਿਆਂ ਦੇ ਵਿੱਚੋਂ ਦੀ ਹੀ ਪੈਡਲ ਮਾਰਦਾ ਸੀ, ਜਿਸ ਨਾਲ਼ ਉਹ ਸਾਈਕਲ ਚਲਾ ਸਕਦਾ ਸੀ, ਪਰ ਸਾਈਕਲ ਥੋੜ੍ਹਾ ਟੇਢਾ ਹੋ ਕੇ ਚੱਲਦਾ ਸੀ, ਤੇ ਅਕਸਰ ਸਾਈਕਲ ਉਸ ਦੇ ਕੰਟਰੋਲ ਤੋਂ ਬਾਹਰ ਹੋ ਜਾਂਦਾ ਸੀ ਤੇ ਕਦੇ ਕਦੇ ਉਹ ਸਾਈਕਲ ਤੋਂ ਡਿਗ ਵੀ ਪੈਂਦਾ ਸੀ! ਪਰ ਇਹ ਸਭ ਕੁਝ ਸਾਈਕਲ ਸਿੱਖਣ ਦੇ ਢੰਗ-ਤਰੀਕੇ ਸਨ, ਤੇ ਉਦੋਂ ਤੱਕ ਉਸਨੂੰ ਇਹਨਾਂ ਦਾ ਅਭਿਆਸ ਕਰਦੇ ਰਹਿਣਾ ਸੀ ਜਦ ਤੱਕ ਉਹ ਪੂਰੀ ਤਰ੍ਹਾਂ ਸਾਈਕਲ ਨਹੀਂ ਸੀ ਸਿੱਖ ਲੈਂਦਾ। ਉਸ ਕੋਲ਼ ਛੋਟਾ ਸਾਈਕਲ ਨਹੀਂ ਸੀ, ਤੇ ਉਸਨੂੰ ਇਹ ਵੱਡਾ ਸਾਈਕਲ ਹੀ ਸਿੱਖਣਾ ਪੈਣਾ ਸੀ ! ਉਹ ਸਾਈਕਲ ਸਿੱਖਣ ਲਈ ਬਹੁਤ ਦ੍ਰਿੜ੍ਹ ਸੀ।

ਇੱਕ ਸ਼ਾਮ ਦੀ ਗੱਲ ਹੈ, ਜਦੋਂ ਉਹ ਟੇਢਾ-ਮੇਢਾ ਸਾਈਕਲ ਚਲਾਉਂਦਾ ਹੋਇਆ ਆਪਣੇ ਘਰ ਤੋਂ ਥੋੜ੍ਹਾ ਦੂਰ ਮੁੱਖ-ਸੜਕ 'ਤੇ ਨਿੱਕਲ ਗਿਆ ਤੇ ਉੱਥੇ ਪਹੁੰਚ ਗਿਆ ਜਿੱਥੇ ਇੱਕ ਅੰਨ੍ਹਾ ਮੋੜ ਸੀ। ਉਹ ਚੰਗੀ ਤਰ੍ਹਾਂ ਨਹੀਂ ਸੀ ਵੇਖ ਸਕਦਾ ਕਿ ਅੱਗਿਓਂ ਕੀ ਆ ਰਿਹਾ ਹੈ! ਇੰਨੇ ਨੂੰ ਅਚਾਨਕ ਹੀ ਉਸਨੂੰ ਤਾਜ਼ੀ-ਡਬਲਰੋਟੀ ਵੇਚਣ ਵਾਲ਼ਾ ਭਾਈ ਸਾਈਕਲ ਤੇ ਸਾਹਮਣੇ ਆਉਂਦਾ ਹੋਇਆ ਦਿਖਿਆ। ਕਦੇ ਕਦੇ ਉਹ ਸ਼ਾਮ ਵੇਲ਼ੇ ਵੀ ਤਾਜ਼ੀ-ਡਬਲਰੋਟੀ ਵੇਚਦਾ ਸੀ - ਭਾਵੇਂ ਡਬਲਰੋਟੀ ਸਵੇਰ ਦੀ ਬਣੀ ਹੋਈ ਹੋਵੇ ਪਰ ਉਹ ਉਸਨੂੰ ਤਾਜ਼ੀ ਕਹਿ ਕੇ ਹੀ ਵੇਚਦਾ ਸੀ! ਟੇਢਾ-ਮੇਢਾ ਸਾਈਕਲ ਚਲਾਉਂਦੇ ਹੋਏ, ਸਾਈਕਲ ਬਿੱਟੂ ਦੇ ਵੱਸੋਂ ਬਾਹਰ ਹੋ ਗਿਆ, ਤੇ ਉਹ ਸਿੱਧਾ ਡਬਲਰੋਟੀ ਵੇਚਣ ਵਾਲੇ ਭਾਈ ਦੇ  ਸਾਈਕਲ ਵਿੱਚ ਜਾ ਵੱਜਿਆ। ਭਾਈ ਸਾਈਕਲ ਤੋਂ ਡਿਗ ਪਿਆ ਤੇ ਉਸ ਨੇ ਬੜੇ ਗੁੱਸੇ ਨਾਲ਼ ਬਿੱਟੂ ਨੂੰ ਵੇਖਿਆ! ਪਰ ਹਮੇਸ਼ਾਂ ਦੀ ਤਰ੍ਹਾਂ ਉਹ ਕੁਝ ਨਹੀਂ ਬੋਲਿਆ, ਜੇ ਉਸ ਨੇ ਕੁਝ ਬੋਲਿਆ ਵੀ ਤਾਂ ਬਿੱਟੂ ਨੇ ਨਹੀਂ ਸੁਣਿਆ, ਕਿਉਂਕਿ ਉਹ ਸਾਈਕਲ ਚੁੱਕ ਕੇ ਪਤਲੀ ਗਲ਼ੀ ਵਿੱਚੋਂ ਦੀ ਦੌੜ੍ਹ ਗਿਆ। ਡਰ ਦੇ ਮਾਰੇ ਉਸ ਨੇ ਪਿੱਛੇ ਮੁੜ ਕੇ ਵੀ ਨਹੀਂ ਦੇਖਿਆ! ਸਾਹੋ-ਸਾਹ ਹੋਏ ਨੇ ਉਸ ਨੇ ਗਲ਼ੀ ਪਾਰ ਕਰਕੇ ਉਦੋਂ ਹੀ ਸਾਹ ਲਿਆ, ਜਦੋਂ ਉਸਨੂੰ ਲੱਗਿਆ ਕਿ ਡਬਲਰੋਟੀ ਵੇਚਣ ਵਾਲ਼ਾ ਭਾਈ ਬਹੁਤ ਦੂਰ ਰਹਿ ਗਿਆ ਸੀ। ਉਹ ਉਮੀਦ ਕਰ ਰਿਹਾ ਸੀ ਕਿ ਤਾਜ਼ੀਆਂ ਡਬਲ ਰੋਟੀਆਂ ਸਹੀ ਸਲਾਮਤ ਸਨ ਤੇ ਸੜਕ ਤੇ ਨਹੀਂ ਖਿੱਲਰੀਆਂ ਸਨ ! ਪਰ ਉਸਨੂੰ ਭਾਈ ਦਾ ਗੁੱਸੇ ਤੇ ਹੈਰਾਨੀ ਨਾਲ਼ ਭਰਿਆ ਚਿਹਰਾ ਨਹੀਂ ਭੁੱਲ ਰਿਹਾ ਸੀ !....

ਬਿੱਟੂ ਨੇ ਅਗਲੇ ਦਿਨ ਭਾਈ ਨੂੰ ਦੁਬਾਰਾ ਤਾਜ਼ੀ ਡਬਲਰੋਟੀ ਵੇਚਦੇ ਵੇਖਿਆ। ਡਬਲਰੋਟੀ ਰੋਟੀ ਲੈਂਦੇ ਹੋਏ, ਉਸ ਨੇ ਬਿੱਟੂ ਨਾਲ ਥੋੜ੍ਹੀ ਦੇਰ ਲਈ ਅੱਖਾਂ ਦਾ ਸੰਪਰਕ ਕੀਤਾ, ਅਤੇ ਉਸ ਦੇ ਚਿਹਰੇ ਤੇ ਹਲਕੀ ਜਿਹੀ ਮੁਸਕਰਾਹਟ ਸੀ। ਬਿੱਟੂ ਵੀ ਹਲਕੇ ਜਿਹੇ ਮੁਸਕੁਰਾਇਆ। ਭਾਈ ਅਤੇ ਬਿੱਟੂ ਨੇ ਕਦੇ ਵੀ ਇਸ ਘਟਨਾ ਬਾਰੇ ਕੋਈ ਗੱਲਬਾਤ ਨਹੀਂ ਕੀਤੀ, ਪਰ ਬਿੱਟੂ ਨੇ ਮਹਿਸੂਸ ਕੀਤਾ ਸੀ ਕਿ ਭਾਈ ਦਾ ਰਵਈਆ ਉਸ ਪ੍ਰਤੀ ਥੋੜ੍ਹਾ ਬਦਲ ਗਿਆ ਸੀ ਤੇ ਹੁਣ ਉਹ ਬਿੱਟੂ ਨੂੰ ਬੁਲਾਉਣ ਵੀ ਲੱਗ ਪਿਆ ਸੀ।

# ਹੋਕਾ

ਗਰਮਾ ਗਰਮ ਤਾਜ਼ੀ ਡਬਲ ਰੋਟੀ! ਗਰਮਾ ਗਰਮ!

ਇੱਕ ਰੁਪਏ, ਦੋ ਰੁਪਏ,

ਗਰਮਾ ਗਰਮ ਡਬਲ ਰੋਟੀ! ਗਰਮਾ ਗਰਮ!

www.PunjabiLibrary.com





ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਸਦੀਆਂ ਹੋਰ ਕਿਤਾਬਾਂ ਕਵਿਤਾਵਾਂ - ਕੰਕਰ ਪੱਥਰ (2016), ਸੁਰਾਹੀ(2022) , ਟਿਮ ਟਿਮ ਚਮਕੇ ਨਿੱਕਾ ਤਾਰਾ (2021) - ਬੱਚਿਆਂ ਲਈ ਕਵਿਤਾਵਾਂ (ਪੰਜਾਬੀ ਤੇ ਹਿੰਦੀ ਵਿੱਚ) ਤੇ ਸਿਤਾਰਿਆਂ ਤੋਂ ਅੱਗੇ (2022) - ਵਿਗਿਆਨ ਗਲਪ ਕਹਾਣੀਆਂ ਹਨ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ।



9 781257 105137